ਜਿਲਦ: 6, ਅੰਕ:18

16 – 31 ਮਾਰਚ, 2026 (ਮੁਫ਼ਤ)

# ਨਿਊ ਇੰਡੀਆ ਸਮਾਚਾਰ



ਇੰਡੀਆ ਏਆਈ- ਇੰਪੈਕਟ ਸਮਿਟ

AI IMPACT SUMMIT ਭਾਰਤ 2026 INDIA

## ਏਆਈ ਗਲੋਬਲ ਲੈਂਡਸਕੇਪ ਵਿੱਚ ਭਾਰਤ ਦੀ ਨਵੀਂ ਪਛਾਣ

ਬੁੱਧੀਮਾਨ ਲੋਕਾਂ ਦਾ ਮਹਾਸੰਗਮ ਇੰਡੀਆ ਏਆਈ ਇੰਪੈਕਟ ਸਮਿਟ-2026 ਬਣਿਆ ਏਆਈ ਦੇ ਖੇਤਰ ਵਿੱਚ ਭਾਰਤ ਦੀ ਅਗਵਾਈ ਦੇ ਐਲਾਨ ਦਾ ਮੌਕਾ, ਜਿੱਥੇ ਦੁਨੀਆ ਨੂੰ ਮਿਲਿਆ ਏਆਈ ਦਾ 'ਮਾਨਵ' ਵਿਜ਼ਨ ...

ਈ-ਕਾਪੀ ਦੇ ਲਈ QR ਸਕੈਨ ਕਰੋ



# ਮਾਤ੍ਰਭੂਮੀ ਦੀਆਂ ਜੜ੍ਹਾਂ ਨਾਲ ਜੁੜੇ ਰਹਿੰਦੇ ਹਨ ਭਾਰਤੀ, ਕਰਮਭੂਮੀ ਦੇ ਵਿਕਾਸ ਵਿੱਚ ਕਰਦੇ ਹਨ ਸਹਿਯੋਗ



'ਮਨ ਕੀ ਬਾਤ' ਦੇਸ਼ ਅਤੇ ਦੇਸ਼ਵਾਸੀਆਂ ਦੀਆਂ ਪ੍ਰਾਪਤੀਆਂ ਨੂੰ ਸਾਹਮਣੇ ਲਿਆਉਣ ਦਾ ਇੱਕ ਮਜ਼ਬੂਤ ਮੰਚ ਹੈ। ਹਰ ਮਹੀਨੇ 'ਮਨ ਕੀ ਬਾਤ' ਦੇ ਲਈ ਢੇਰਾਂ ਸੁਝਾਅ ਮਿਲਦੇ ਹਨ। ਭੇਜੇ ਗਏ ਸੁਨੇਹਿਆਂ ਨਾਲ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਦੇਸ਼ ਦੇ ਕੋਨੇ-ਕੋਨੇ ਵਿੱਚ ਲੁਕੀਆਂ ਹੋਈਆਂ ਅਦਭੁਤ ਪ੍ਰਤਿਭਾਵਾਂ ਦੀ ਜਾਣਕਾਰੀ ਮਿਲਦੀ ਹੈ। ਨਿਜੀ ਸੁਆਰਥ ਤੋਂ ਉੱਪਰ ਉੱਠ ਕੇ ਸਮਾਜ ਦੇ ਲਈ ਕੁਝ ਕਰਨ ਦੀਆਂ ਅਨੇਕ ਪ੍ਰੇਰਣਾਦਾਇਕ ਕਹਾਣੀਆਂ ਮਨ ਕੀ ਬਾਤ ਪ੍ਰੋਗਰਾਮ ਦੇ ਜ਼ਰੀਏ ਦੇਸ਼ ਭਰ ਦੇ ਲੋਕਾਂ ਤੱਕ ਪਹੁੰਚੀਆਂ ਹਨ। 22 ਫਰਵਰੀ ਨੂੰ 'ਮਨ ਕੀ ਬਾਤ' ਪ੍ਰੋਗਰਾਮ ਵਿੱਚ ਏਆਈ ਦੀਆਂ ਪ੍ਰਾਪਤੀਆਂ ਤੋਂ ਲੈ ਕੇ ਟੀ- 20 ਵਰਲਡ ਕੱਪ ਤੱਕ ਕਈ ਹੋਰ ਮਹੱਤਵਪੂਰਨ ਵਿਸ਼ਿਆਂ 'ਤੇ ਹੋਈ ਗੱਲਬਾਤ। ਪੇਸ਼ ਹਨ ਮੁੱਖ ਅੰਸ਼ ...

- **ਟਰਨਿੰਗ ਪੁਆਇੰਟ :** ਕਈ ਦੇਸ਼ਾਂ ਦੇ ਨੇਤਾ, ਉਦਯੋਗ ਜਗਤ ਦੇ ਲੀਡਰ, ਇਨੋਵੇਟਰ ਅਤੇ ਸਟਾਰਟਅੱਪ ਸੈਕਟਰ ਨਾਲ ਜੁੜੇ ਲੋਕ, ਏਆਈ ਇੰਪੈਕਟ ਸਮਿਟ ਦੇ ਲਈ ਭਾਰਤ ਮੰਡਪਮ ਵਿੱਚ ਇਕੱਠੇ ਹੋਏ। ਆਉਣ ਵਾਲੇ ਸਮੇਂ ਵਿੱਚ ਏਆਈ ਦੀ ਸ਼ਕਤੀ ਦੀ ਵਰਤੋਂ ਦੁਨੀਆ ਕਿਸ ਤਰ੍ਹਾਂ ਨਾਲ ਕਰੇਗੀ, ਇਸ ਦਿਸ਼ਾ ਵਿੱਚ ਇਹ ਸਮਿਟ ਇੱਕ ਟਰਨਿੰਗ ਪੁਆਇੰਟ ਸਾਬਤ ਹੋਇਆ।
- **ਅਦਭੁਤ ਸਮਰੱਥਾਵਾਂ :** ਸਮਿਟ ਵਿੱਚ ਦੁਨੀਆ ਨੂੰ ਏਆਈ ਦੇ ਖੇਤਰ ਵਿੱਚ ਭਾਰਤ ਦੀਆਂ ਅਦਭੁਤ ਸਮਰੱਥਾਵਾਂ ਦੇਖਣ ਨੂੰ ਮਿਲੀਆਂ। ਇਸ ਦੌਰਾਨ ਭਾਰਤ ਨੇ ਤਿੰਨ ਮੇਡ ਇਨ ਇੰਡੀਆ ਏਆਈ ਮਾਡਲ ਵੀ ਲਾਂਚ ਕੀਤੇ। ਇਹ ਆਪਣੇ ਆਪ ਵਿੱਚ ਹੁਣ ਤੱਕ ਦਾ ਸਭ ਤੋਂ ਵੱਡਾ ਏਆਈ ਸਮਿਟ ਰਿਹਾ, ਜਿਸ ਨੂੰ ਲੈ ਕੇ ਨੌਜਵਾਨਾਂ ਦਾ ਜੋਸ਼ ਅਤੇ ਉਤਸ਼ਾਹ ਦੇਖਦੇ ਹੀ ਬਣ ਰਿਹਾ ਸੀ।
- **ਭਾਰਤੀਆਂ ਦੀ ਵਿਸ਼ੇਸ਼ਤਾ :** ਭਾਰਤੀ ਜਿੱਥੇ ਵੀ ਜਾਂਦੇ, ਉਹ ਆਪਣੀ ਮਾਤ੍ਰਭੂਮੀ ਦੀਆਂ ਜੜ੍ਹਾਂ ਨਾਲ ਜੁੜੇ ਰਹਿੰਦੇ ਹਨ ਅਤੇ ਆਪਣੀ ਕਰਮਭੂਮੀ, ਯਾਨੀ ਜਿਸ ਦੇਸ਼ ਵਿੱਚ ਉਹ ਰਹਿੰਦੇ ਹਨ, ਉਸ ਦੇ ਵਿਕਾਸ ਵਿੱਚ ਯੋਗਦਾਨ ਦਿੰਦੇ ਹਨ।
- **ਅੰਗਦਾਨ :** ਭਾਰਤ ਵਿੱਚ ਅੰਗਦਾਨ ਨੂੰ ਲੈ ਕੇ ਜਾਗਰੂਕਤਾ ਲਗਾਤਾਰ ਵਧ ਰਹੀ ਹੈ। ਇਸ ਨਾਲ ਉਨ੍ਹਾਂ ਲੋਕਾਂ ਨੂੰ ਮਦਦ ਮਿਲ ਰਹੀ ਹੈ, ਜਿਨ੍ਹਾਂ ਨੂੰ ਇਸ ਦੀ ਜ਼ਰੂਰਤ ਹੈ। ਨਾਲ ਹੀ ਦੇਸ਼ ਵਿੱਚ ਮੈਡੀਕਲ ਰਿਸਰਚ ਨੂੰ ਵੀ ਬਲ ਮਿਲ ਰਿਹਾ ਹੈ। ਇਸ ਦਿਸ਼ਾ ਵਿੱਚ ਕਈ ਸੰਸਥਾਵਾਂ ਅਤੇ ਲੋਕ ਅਸਾਧਾਰਣ ਕੰਮ ਕਰ ਰਹੇ ਹਨ।
- **ਅੰਮ੍ਰਿਤ ਮਹੋਤਸਵ :** ਆਜ਼ਾਦੀ ਕਾ ਅੰਮ੍ਰਿਤ ਮਹੋਤਸਵ ਦੇ ਦੌਰਾਨ ਮੈਂ ਪੰਚ ਪ੍ਰਣਾਂ ਦੀ ਗੱਲ ਕਹੀ ਸੀ, ਜਿਸ ਵਿੱਚੋਂ ਇੱਕ ਹੈ, ਗੁਲਾਮੀ ਦੀ ਮਾਨਸਿਕਤਾ ਤੋਂ ਮੁਕਤੀ। ਅੱਜ ਦੇਸ਼ ਗੁਲਾਮੀ ਦੇ ਪ੍ਰਤੀਕਾਂ ਨੂੰ ਪਿੱਛੇ ਛੱਡ ਕੇ ਭਾਰਤ ਦੇ ਸੱਭਿਆਚਾਰ ਨਾਲ ਜੁੜੀਆਂ ਚੀਜ਼ਾਂ ਨੂੰ ਮਹੱਤਵ ਦੇਣ ਲੱਗਿਆ ਹੈ। ਇਸ ਦਿਸ਼ਾ ਵਿੱਚ ਰਾਸ਼ਟਰਪਤੀ ਭਵਨ ਨੇ ਵੀ ਇੱਕ ਮਹਤੱਵਪੂਰਨ ਕਦਮ ਚੁੱਕਿਆ ਅਤੇ 23 ਫਰਵਰੀ ਨੂੰ ਰਾਸ਼ਟਰਪਤੀ ਭਵਨ ਵਿੱਚ 'ਰਾਜਾਜੀ ਉਤਸਵ' ਮਨਾਇਆ।
- **ਸੁਚੇਤ ਰਹਿਣਾ ਹੈ :** ਸਾਨੂੰ ਸੁਚੇਤ ਰਹਿਣਾ ਹੈ ਅਤੇ ਧੋਖੇਬਾਜ਼ਾਂ ਦੇ ਝਾਂਸੇ ਵਿੱਚ ਨਹੀਂ ਆਉਣਾ ਹੈ। ਕੇਵਾਈਸੀ ਜਾਂ ਰੀ-ਕੇਵਾਈਸੀ ਸਿਰਫ਼ ਆਪਣੇ ਬੈਂਕ ਦੀ ਬ੍ਰਾਂਚ ਜਾਂ ਸਰਕਾਰੀ ਐਪ ਅਤੇ ਆਥੋਰਾਈਜ਼ਡ ਮੀਡੀਅਮ ਰਾਹੀਂ ਹੀ ਕਰਵਾਓ। ਓਟੀਪੀ, ਆਧਾਰ ਨੰਬਰ ਜਾਂ ਬੈਂਕ ਖਾਤੇ ਸਬੰਧੀ ਜਾਣਕਾਰੀ ਕਿਸੇ ਨੂੰ ਨਾ ਦਿਓ। ਪਾਸਵਰਡ ਸਮੇਂ-ਸਮੇਂ 'ਤੇ ਬਦਲਦੇ ਰਹੋ।
- **ਪਰੰਪਰਾ ਅਤੇ ਤਕਨਾਲੋਜੀ :** ਕਿਸਾਨ ਸਿਰਫ਼ ਅੰਨਦਾਤਾ ਨਹੀਂ ਹਨ। ਉਹ ਧਰਤੀ ਦੇ ਸੱਚੇ ਸਾਧਕ ਹਨ। ਮਿੱਟੀ ਨੂੰ ਸੋਨਾ ਬਣਾਉਣਾ ਕੀ ਹੁੰਦਾ ਹੈ, ਇਹ ਕੋਈ ਸਾਡੇ ਕਿਸਾਨਾਂ ਤੋਂ ਸਿੱਖੇ। ਅੱਜ ਦਾ ਕਿਸਾਨ ਪਰੰਪਰਾ ਅਤੇ ਤਕਨਾਲੋਜੀ, ਦੋਨਾਂ ਨੂੰ ਨਾਲ ਲੈ ਕੇ ਚੱਲ ਰਿਹਾ ਹੈ।
- **ਆਸਥਾ ਦੀ ਧਾਰਾ :** ਭਾਵੇਂ ਇਹ ਮਹਾਂਕੁੰਭ ਹੋਵੇ ਜਾਂ ਕੇਰਲ ਕੁੰਭ, ਇਹ ਸਿਰਫ਼ ਇਸ਼ਨਾਨ ਦਾ ਤਿਉਹਾਰ ਨਹੀਂ ਹੈ। ਇਹ ਯਾਦਦਾਸ਼ਤ ਦੀ ਜਾਗ੍ਰਿਤੀ ਹੈ। ਇਹ ਸੱਭਿਆਚਾਰ ਦੀ ਮੁੜ ਯਾਦ ਹੈ। ਉੱਤਰ ਤੋਂ ਦੱਖਣ ਤੱਕ, ਨਦੀਆਂ ਵੱਖਰੀਆਂ ਹੋ ਸਕਦੀਆਂ ਹਨ, ਕਿਨਾਰੇ ਵੱਖਰੇ ਹੋ ਸਕਦੇ ਹਨ, ਪਰ ਆਸਥਾ ਦੀ ਧਾਰਾ ਇੱਕੋ ਜਿਹੀ ਹੈ - ਇਹ ਭਾਰਤ ਹੈ।
- **ਲੋਕਪ੍ਰਿਯ ਨੇਤਾ :** ਸਾਡੇ ਦੇਸ਼ ਵਿੱਚ ਅਜਿਹੇ ਲੋਕ ਹਮੇਸ਼ਾ ਜਨਤਾ ਦੇ ਦਿਲਾਂ ਵਿੱਚ ਬਸੇ ਰਹਿੰਦੇ ਹਨ ਜਿਨ੍ਹਾਂ ਨੇ ਸਮਾਜ ਦੀ ਭਲਾਈ ਲਈ ਕੰਮ ਕੀਤਾ ਹੁੰਦਾ ਹੈ। ਜਿਨ੍ਹਾਂ ਨੇ ਆਪਣੇ ਨੇਕ ਕੰਮਾਂ ਵਿੱਚ ਜਨਤਾ ਨੂੰ ਤਰਜੀਹ ਦਿੱਤੀ ਹੁੰਦੀ ਹੈ। ਅੰਮਾ ਜੈਲਲਿਤਾ ਜੀ, ਅਜਿਹੇ ਹੀ ਇੱਕ ਲੋਕਪ੍ਰਿਯ ਨੇਤਾ ਸਨ। ■

'ਮਨ ਕੀ ਬਾਤ' ਪੂਰੀ ਸੁਣਨ ਦੇ ਲਈ QR ਕੋਡ ਸਕੈਨ ਕਰੋ।

ਨਿਊ ਇੰਡੀਆ
# ਸਮਾਚਾਰ

ਜਿਲਦ: 6, ਅੰਕ: 18 | 16- 31 ਮਾਰਚ, 2026

**ਐਡੀਟਰ ਇਨ ਚੀਫ਼ :**
**ਧੀਰੇਂਦਰ ਓਝਾ**
ਪ੍ਰਿੰਸੀਪਲ ਡਾਇਰੈਕਟਰ ਜਨਰਲ,
ਪੱਤਰ ਸੂਚਨਾ ਦਫ਼ਤਰ, ਨਵੀਂ ਦਿੱਲੀ

ਮੁੱਖ ਸਲਾਹਕਾਰ ਸੰਪਾਦਕ
**ਸੰਤੋਸ਼ ਕੁਮਾਰ**

ਸੀਨੀਅਰ ਸਹਾਇਕ ਸਲਾਹਕਾਰ ਸੰਪਾਦਕ
**ਪਵਨ ਕੁਮਾਰ**

ਸਹਾਇਕ ਸਲਾਹਕਾਰ ਸੰਪਾਦਕ
**ਅਖਿਲੇਸ਼ ਕੁਮਾਰ**
**ਚੰਦਨ ਕੁਮਾਰ ਚੌਧਰੀ**

ਭਾਸ਼ਾ ਸੰਪਾਦਨ
**ਸੁਮਿਤ ਕੁਮਾਰ (ਅੰਗ੍ਰੇਜ਼ੀ)**
**ਰਜਨੀਸ਼ ਮਿਸ਼ਰਾ (ਅੰਗ੍ਰੇਜ਼ੀ)**
**ਨਦੀਮ ਅਹਿਮਦ (ਉਰਦੂ)**
**ਅਹਿਮਦ ਖਾਨ (ਪੰਜਾਬੀ)**

ਸੀਨੀਅਰ ਡਿਜ਼ਾਈਨਰ
**ਫੂਲ ਚੰਦ ਤਿਵਾਰੀ**

ਡਿਜ਼ਾਈਨਰ
**ਅਭੈ ਗੁਪਤਾ**
**ਸਤਯਮ ਸਿੰਘ**



**13 ਭਾਸ਼ਾਵਾਂ ਵਿੱਚ ਉਪਲਬਧ 'ਨਿਊ ਇੰਡੀਆ ਸਮਾਚਾਰ' ਨੂੰ ਪੜ੍ਹਨ ਦੇ ਲਈ ਕਲਿੱਕ ਕਰੋ:**

https://newindiasamachar.pib.gov.in/news.aspx

**'ਨਿਊ ਇੰਡੀਆ ਸਮਾਚਾਰ' ਦੇ ਪੁਰਾਣੇ ਅੰਕ ਪੜ੍ਹਨ ਦੇ ਲਈ ਕਲਿੱਕ ਕਰੋ:**

https://newindiasamachar.pib.gov.in/archive.aspx

'ਨਿਊ ਇੰਡੀਆ ਸਮਾਚਾਰ' ਬਾਰੇ ਲਗਾਤਾਰ ਅੱਪਡੇਟ ਦੇ ਲਈ ਫਾਲੋ ਕਰੋ:- @NISPIBIndia

## ਅੰਦਰਲੇ ਪੰਨਿਆਂ ਉੱਤੇ ...




**ਕਵਰ ਸਟੋਰੀ**

ਇੰਡੀਆ ਏਆਈ ਇੰਪੈਕਟ ਸਮਿਟ 2026 ਵਿੱਚ 'ਮਾਨਵ' ਵਿਜ਼ਨ ਦੇ ਜ਼ਰੀਏ ਭਾਰਤ ਨੇ ਦਿਖਾਇਆ ਕਿ ਕਿਸ ਤਰ੍ਹਾਂ ਨਾਲ ਨਵੀਂ ਤਕਨੀਕ ਦੀ ਵਰਤੋਂ ਮਨੁੱਖਤਾ ਦੀ ਭਲਾਈ ਦੇ ਲਈ ਕੀਤੀ ਜਾ ਸਕਦੀ ਹੈ। ਇਹ ਗਲੋਬਲ ਸਮਿਟ ਇਸ ਗੱਲ ਦੀ ਪ੍ਰਮਾਣ ਬਣੀ ਕਿ ਭਾਰਤ ਕੋਲ ਗਲੋਬਲ ਏਆਈ ਕ੍ਰਾਂਤੀ ਦੀ ਅਗਵਾਈ ਕਰਨ ਦੀ ਸਮਰੱਥਾ ਵੀ ਹੈ ... | 10-27

**ਸੈਮੀਕੰਡਕਟਰ ਯੂਨਿਟ**

### ਚਿੱਪ ਨਿਰਮਾਣ ਵਿੱਚ ਭਾਰਤ ਬਣੇਗਾ ਆਤਮ-ਨਿਰਭਰ



ਪ੍ਰਧਾਨ ਮੰਤਰੀ ਮੋਦੀ ਨੇ ਗੁਜਰਾਤ ਦੇ ਸਾਨੰਦ ਵਿੱਚ ਮਾਈਕ੍ਰੋਨ ਟੈਕਨੋਲੋਜੀ ਦੇ ਸੈਮੀਕੰਡਕਟਰ ਅਸੈਂਬਲੀ, ਟੈਸਟ ਅਤੇ ਪੈਕੇਜਿੰਗ ਕੇਂਦਰ ਦਾ ਕੀਤਾ ਉਦਘਾਟਨ | 30-31

### ਨਮੋ ਭਾਰਤ ਦਾ ਵਿਸਤਾਰ
**ਸੁਗਮ ਯਾਤਰਾ, ਸਮ੍ਰਿੱਧੀ ਬੇਅੰਤ**

ਪ੍ਰਧਾਨ ਮੰਤਰੀ ਮੋਦੀ ਨੇ ਇੱਕ ਹੀ ਮੰਚ ਤੋਂ ਨਮੋ ਭਾਰਤ ਰੈਪਿਡ ਰੇਲ ਅਤੇ ਮੈਟਰੋ ਸੇਵਾ ਦੀ ਕੀਤੀ ਸ਼ੁਰੂਆਤ | 34-35




**ਸਮਾਚਾਰ ਸਾਰ** | 4-5

**ਸ਼ਖਸੀਅਤ: ਸੂਰਯ ਸੇਨ**
ਚਿੱਟਾਗੌਂਗ ਵਿਦ੍ਰੋਹ ਦੇ ਨਾਇਕ | 6

**ਸਮਰੱਥਾ ਨੂੰ ਮਜ਼ਬੂਤ ਕਰਨ ਦੇ ਨਿਰੰਤਰ ਯਤਨ**
ਨਿਊਜ਼ 18 ਰਾਈਜ਼ਿੰਗ ਭਾਰਤ ਸਮਿਟ ਨੂੰ ਪ੍ਰਧਾਨ ਮੰਤਰੀ ਮੋਦੀ ਨੇ ਕੀਤਾ ਸੰਬੋਧਿਤ | 7

**ਰਾਸ਼ਟਰੀ ਟੀਕਾਕਰਣ ਦਿਵਸ : ਸਵਸਥ ਭਾਰਤ ਦੀ ਮਜ਼ਬੂਤ ਨੀਂਹ**
ਰਾਜਸਥਾਨ ਤੋਂ ਰਾਸ਼ਟਰ ਵਿਆਪੀ ਐੱਚਪੀਵੀ ਟੀਕਾਕਰਣ ਅਭਿਆਨ ਦੀ ਸ਼ੁਰੂਆਤ | 8-9

**ਕੇਂਦਰੀ ਕੈਬਨਿਟ ਦੇ ਫੈਸਲੇ :'ਕੇਰਲ' ਹੋਵੇਗਾ ਹੁਣ 'ਕੇਰਲਮ'**
ਸੇਵਾ ਤੀਰਥ ਵਿੱਚ ਕੇਂਦਰੀ ਕੈਬਨਿਟ ਦੀ ਪਹਿਲੀ ਬੈਠਕ ਵਿੱਚ ਮਹੱਤਵਪੂਰਨ ਫੈਸਲੇ | 28-29

**ਮਜ਼ਬੂਤ ਇਨਫ੍ਰਾਸਟ੍ਰਕਚਰ... ਜੀਵਨ ਹੋਵੇਗਾ ਹੋਰ ਬਿਹਤਰ**
ਤਮਿਲ ਨਾਡੂ -ਪੁਡੂਚੇਰੀ ਨੂੰ ਮਿਲੇ 7,100 ਕਰੋੜ ਰੁਪਏ ਦੇ ਤੋਹਫੇ | 32-33

**ਬਜਟ ਵੈੱਬੀਨਾਰ ... ਵੱਡੇ ਟੀਚੇ ਵੱਲ ਵਧਣ ਦਾ ਇੱਕ ਪੜਾਅ**
ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਬਜਟ ਵੈੱਬੀਨਾਰ ਨੂੰ ਕੀਤਾ ਸੰਬੋਧਨ | 36-37

**ਭਾਰਤ ਦੀ ਸ਼ਕਤੀਸ਼ਾਲੀ ਸਮੁੰਦਰੀ ਕ੍ਰਾਂਤੀ**
ਸਾਗਰਮਾਲਾ ਪ੍ਰੋਗਰਾਮ ਨਾਲ ਪੋਰਟ ਡਿਵੈਲਪਮੈਂਟ ਅਤੇ ਕਨੈਕਟੀਵਿਟੀ ਨੂੰ ਮਿਲੀ ਮਜ਼ਬੂਤੀ | 38-39

**ਰਾਸ਼ਟਰਪਤੀ ਭਵਨ ਵਿੱਚ ਰਾਜਾਜੀ ਉਤਸਵ**
ਰਾਸ਼ਟਰਪਤੀ ਨੇ ਚਕ੍ਰਵਰਤੀ ਰਾਜਗੋਪਾਲਾਚਾਰੀ ਦੀ ਪ੍ਰਤਿਮਾ ਦਾ ਕੀਤਾ ਉਦਘਾਟਨ | 40-41

**ਰਾਜਸਥਾਨ ਵਿਕਾਸ ਦੇ ਨਵੇਂ ਰਾਹ 'ਤੇ ਵਧਿਆ**
ਰਾਜਸਥਾਨ ਨੂੰ ਪ੍ਰਧਾਨ ਮੰਤਰੀ ਮੋਦੀ ਨੇ ਦਿੱਤੇ 17,000 ਕਰੋੜ ਰੁਪਏ ਦੇ ਵਿਕਾਸ ਦੇ ਤੋਹਫੇ | 42

**ਪੂੰਜੀ ਅਤੇ ਸਮਰੱਥਾ ਦੀ ਸਾਂਝੀ ਆਰਥਿਕ ਸ਼ਕਤੀ**
ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਦਾ ਚਾਰ ਦਿਨਾਂ ਦਾ ਭਾਰਤ ਦੌਰਾ | 43

**ਰਣਨੀਤਕ ਵਿਸ਼ਵਾਸ ਨਾਲ ਆਲਮੀ ਅਗਵਾਈ ਤੱਕ**
ਭਾਰਤ -ਫਰਾਂਸ ਸਹਿਯੋਗ ਦਾ ਨਵਾਂ ਅਧਿਆਏ | 44-45

**ਰਣਨੀਤੀ ਤੋਂ ਨਵੀਨਤਾ ਤੱਕ ਭਾਰਤ -ਇਜ਼ਰਾਇਲੀ ਸਬੰਧਾਂ ਦਾ ਵਿਸਤਾਰ**
ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਦੋ ਦਿਨਾਂ ਦਾ ਇਜ਼ਰਾਇਲ ਦਾ ਦੌਰਾ | 46-48

**ਪ੍ਰਕਾਸ਼ਕ ਅਤੇ ਪ੍ਰਿੰਟਰ: ਕੰਚਨ ਪ੍ਰਸਾਦ,** ਪ੍ਰਿੰਸੀਪਲ ਡਾਇਰੈਕਟਰ ਜਨਰਲ, ਸੀਬੀਸੀ (ਕੇਂਦਰੀ ਸੰਚਾਰ ਬਿਊਰੋ)। **ਪ੍ਰਿੰਟਿੰਗ:** ਚੰਦੂ ਪ੍ਰੈੱਸ 469, ਪਟਪੜਗੰਜ ਇੰਡਸਟ੍ਰੀਅਲ ਅਸਟੇਟ, ਦਿੱਲੀ-110092 । **ਕਮਿਊਨੀਕੇਸ਼ਨ ਅਡਰੈੱਸ ਅਤੇ ਈਮੇਲ :** ਕਮਰਾ ਨੰਬਰ -316, ਨੈਸ਼ਨਲ ਮੀਡੀਆ ਸੈਂਟਰ, ਰਾਏਸਿਨਾ ਰੋਡ, ਨਵੀਂ ਦਿੱਲੀ -110001, **ਈ- ਮੇਲ –** responsenis@pib.gov.in ਆਰ.ਐੱਨ.ਆਈ. ਨੰਬਰ DELPUN/2020/78808

# ਸੰਪਾਦਕ ਦੀ ਕਲਮ ਤੋਂ...

# ਮਨੁੱਖਤਾ ਦੇ ਲਈ ਏਆਈ
# ਆਲਮੀ ਸਹਿਯੋਗ ਵਿੱਚ ਭਾਰਤ ਦੀ ਮੋਹਰੀ ਭੂਮਿਕਾ

ਸਾਦਰ ਨਮਸਕਾਰ।

16 ਤੋਂ 21 ਫਰਵਰੀ ਦੇ ਦੌਰਾਨ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿਖੇ ਆਯੋਜਿਤ 'ਏਆਈ ਇੰਪੈਕਟ ਸਮਿਟ -2026' ਨੇ ਭਾਰਤ ਨੂੰ ਗਲੋਬਲ ਆਰਟੀਫਿਸ਼ੀਅਲ ਇੰਟੈਲੀਜੈਂਸ ਮਸ਼ਵਰੇ ਦੇ ਕੇਂਦਰ ਵਿੱਚ ਸਥਾਪਿਤ ਕਰ ਦਿੱਤਾ। 'सर्वजन हिताय, सर्वजन सुखाय," ਦੀ ਭਾਵਨਾ ਤੋਂ ਪ੍ਰੇਰਿਤ ਹੋ ਕੇ ਇਸ ਇਤਿਹਾਸਕ ਆਯੋਜਨ ਵਿੱਚ 118 ਦੇਸ਼ਾਂ ਦੀ ਭਾਈਵਾਲੀ ਅਤੇ 20 ਤੋਂ ਵੱਧ ਰਾਸ਼ਟਰਾਂ ਦੇ ਮੁਖੀਆਂ ਦੀ ਸ਼ਿਰਕਤ ਨੇ ਇਸ ਨੂੰ ਵਿਸ਼ਵ ਪੱਧਰ ਦਾ ਸਫਲ ਮੰਚ ਬਣਾ ਦਿੱਤਾ। ਪੰਜ ਲੱਖ ਤੋਂ ਵੱਧ ਭਾਗੀਦਾਰਾਂ, 550 ਤੋਂ ਜ਼ਿਆਦਾ ਪ੍ਰੀ-ਸਮਿਟ ਆਯੋਜਨਾਂ, 100 ਤੋਂ ਜ਼ਿਆਦਾ ਗਲੋਬਲ ਏਆਈ ਪ੍ਰਮੁੱਖਾਂ, 500 ਤੋਂ ਵੱਧ ਮਾਹਿਰਾਂ ਅਤੇ 2.5 ਲੱਖ ਵਿਦਿਆਰਥੀਆਂ ਦੀ ਸਰਗਰਮ ਸ਼ਮੂਲੀਅਤ ਨੇ ਇਸ ਨੂੰ ਦੁਨੀਆ ਦੇ ਸਭ ਤੋਂ ਵੱਡੇ ਏਆਈ ਸੰਮੇਲਨਾਂ ਵਿੱਚ ਸਥਾਨ ਦਿਵਾਇਆ। ਜ਼ਿੰਮੇਵਾਰ ਅਤੇ ਨੈਤਿਕ ਏਆਈ 'ਤੇ ਵਿਦਿਆਰਥੀਆਂ ਦੀ ਚਰਚਾ ਨੇ ਗਿਨੀਜ਼ ਵਰਲਡ ਰਿਕਾਰਡ ਵੀ ਸਥਾਪਿਤ ਕੀਤਾ।

ਇਸ ਸਮਿਟ ਵਿੱਚ ਭਾਰਤ ਨੇ ਵਿਸ਼ਵ ਦੇ ਸਾਹਮਣੇ ਏਆਈ ਨੂੰ ਮਨੁੱਖਤਾ ਦੀ ਸੇਵਾ ਦੇ ਲਈ, ਉਪਯੋਗੀ ਬਣਾਉਣ ਦੀ ਆਪਣੀ ਵਚਨਬੱਧਤਾ ਨੂੰ ਦੁਹਰਾਇਆ। 'ਇੰਡੀਆ ਏਆਈ ਮਿਸ਼ਨ' ਆਮ ਜਨਤਾ ਦੇ ਹਿਤ ਵਿੱਚ ਜਬਾਵਦੇਹ ਏਆਈ ਨੂੰ ਪਹੁੰਚਯੋਗ ਬਣਾ ਰਿਹਾ ਹੈ।

ਸਮਿਟ ਵਿੱਚ ਇਨਫ੍ਰਾਸਟ੍ਰਕਚਰ ਨਿਵੇਸ਼ ਦੇ ਵਾਅਦੇ 250 ਅਰਬ ਡਾਲਰ ਤੋਂ ਵੱਧ ਰਹੇ, ਜਦਕਿ ਡੀਪ-ਟੈੱਕ ਵੈਂਚਰ 'ਤੇ ਲਗਭਗ 20 ਅਰਬ ਡਾਲਰ ਖਰਚ ਕਰਨ ਦੇ ਪ੍ਰਤੀ ਵੀ ਵਚਨਬੱਧਤਾਵਾਂ ਸਾਹਮਣੇ ਆਈਆਂ। ਇਹ ਭਾਰਤ ਦੇ ਏਆਈ ਇਨਫ੍ਰਾਸਟ੍ਰਕਚਰ ਈਕੋਸਿਸਟਮ ਵਿੱਚ ਵਧਦੇ ਆਲਮੀ ਵਿਸ਼ਵਾਸ ਦਾ ਪ੍ਰਮਾਣ ਹੈ।

ਏਆਈ ਇੰਪੈਕਟ ਸਮਿਟ 2026 ਦੀ ਸਮਾਪਤੀ ਨਵੀਂ ਦਿੱਲੀ ਐਲਾਨ ਨਾਲ ਹੋਈ, ਜਿਸ ਵਿੱਚ 91 ਦੇਸ਼ਾਂ ਅਤੇ ਸੰਗਠਨਾਂ ਨੇ ਸੱਤ ਥੰਮ੍ਹਾਂ 'ਤੇ ਅਧਾਰਿਤ ਸਾਂਝੀ ਆਲਮੀ ਦ੍ਰਿਸ਼ਟੀ ਦਾ ਸਮਰਥਨ ਕੀਤਾ। ਇਸੇ ਸੋਚ ਨੂੰ ਅੱਗੇ ਵਧਾਉਂਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਏਆਈ ਦੇ ਲਈ 'ਮਾਨਵ' ਵਿਜ਼ਨ ਅਤੇ ਵਿਕਾਸ ਦੇ ਉਤਪ੍ਰੇਰਕ ਦੇ ਰੂਪ ਵਿੱਚ ਤਕਨਾਲੋਜੀ ਦੀ ਭੂਮਿਕਾ 'ਤੇ ਵੀ ਜ਼ੋਰ ਦਿੱਤਾ ਹੈ।

ਵਿਕਸਿਤ ਭਾਰਤ ਦੀ ਯਾਤਰਾ ਵਿੱਚ ਏਆਈ ਦਾ ਮਹੱਤਵ ਅਤੇ ਇਸ ਦਿਸ਼ਾ ਵਿੱਚ ਭਾਰਤ ਦੀ ਰਾਸ਼ਟਰੀ ਪਹਿਲ ਹੀ ਇਸ ਵਾਰ ਦੇ ਅੰਕ ਦੀ ਸਾਡੀ ਕਵਰ ਸਟੋਰੀ ਬਣੀ ਹੈ।

ਇਸ ਤੋਂ ਇਲਾਵਾ ਸ਼ਖਸੀਅਤ ਦੀ ਕੜੀ ਵਿੱਚ ਚਿੱਟਾਗੋਂਗ ਵਿਦ੍ਰੋਹ ਦੇ ਨਾਇਕ ਸੂਰਯ ਸੇਨ, ਫਲੈਗਸ਼ਿਪ ਵਿੱਚ ਸਾਗਰਮਾਲਾ ਪ੍ਰੋਗਰਾਮ, ਰਾਸ਼ਟਰੀ ਟੀਕਾਕਰਣ ਦਿਵਸ 'ਤੇ ਵਿਸ਼ੇਸ਼ ਸਮੱਗਰੀ, ਕੇਂਦਰੀ ਕੈਬਨਿਟ ਦੇ ਫੈਸਲੇ, ਰਾਸ਼ਟਰਪਤੀ ਭਵਨ ਵਿੱਚ ਚਕ੍ਰਵਰਤੀ ਰਾਜਗੋਪਾਲਾਚਾਰੀ ਦੀ ਪ੍ਰਤਿਮਾ ਦਾ ਉਦਘਾਟਨ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਇਜ਼ਰਾਇਲ ਦੇ ਦੌਰੇ ਸਮੇਤ ਉਨ੍ਹਾਂ ਦੇ ਪਖਵਾੜੇ ਭਰ ਦੇ ਪ੍ਰੋਗਰਾਮਾਂ ਨੂੰ ਇਸ ਵਿੱਚ ਸ਼ਾਮਲ ਕੀਤਾ ਗਿਆ ਹੈ।

ਨਾਲ ਹੀ, ਪੱਤ੍ਰਿਕਾ ਦੇ ਇਨਸਾਈਡ ਪੇਜ 'ਤੇ ਮਨ ਕੀ ਬਾਤ ਅਤੇ ਬੈਕ ਕਵਰ 'ਤੇ 23 ਮਾਰਚ ਨੂੰ ਹੋਣ ਵਾਲੇ ਸ਼ਹੀਦ ਦਿਵਸ ਬਾਰੇ ਵਿਸ਼ੇਸ਼ ਸਮੱਗਰੀ ਸ਼ਾਮਲ ਹੈ।

ਤੁਸੀਂ ਆਪਣੇ ਸੁਝਾਅ ਸਾਨੂੰ ਭੇਜਦੇ ਰਹੋ।

(ਧੀਰੇਂਦਰ ਓਝਾ)

ਹਿੰਦੀ, ਅੰਗ੍ਰੇਜ਼ੀ ਅਤੇ ਹੋਰ 11 ਭਾਸ਼ਾਵਾਂ ਵਿੱਚ ਉਪਲਬਧ ਪੱਤ੍ਰਿਕਾ ਪੜ੍ਹੋ /ਡਾਊਨਲੋਡ ਕਰੋ।
https://newindiasamachar.pib.gov.in/news.aspx

# ਆਪਕੀ ਬਾਤ...






## ਰਾਸ਼ਟਰੀ ਵਿਕਾਸ ਅਤੇ ਸਹਕਾਰੀ ਪਹਿਲਕਦਮੀਆਂ ਨਾਲ ਅਪਡੇਟ ਰੱਖਣ ਵਿੱਚ ਬਹੁਤ ਮਹੱਤਵਪੂਰਨ

ਨਿਊ ਇੰਡੀਆ ਸਮਾਚਾਰ ਪੱਤ੍ਰਿਕਾ ਬਹੁਤ ਜ਼ਿਆਦਾ ਜਾਣਕਾਰੀ ਦੇਣ ਵਾਲੀ ਲਗਦੀ ਹੈ। ਇਹ ਸਾਡੇ ਕਰਮਚਾਰੀਆਂ ਨੂੰ ਨਵੀਨਤਮ ਰਾਸ਼ਟਰੀ ਵਿਕਾਸ ਅਤੇ ਸਰਕਾਰੀ ਪਹਿਲਕਦਮੀਆਂ ਨਾਲ ਅਪਡੇਟ ਰੱਖਣ ਲਈ ਬਹੁਤ ਕੰਮ ਦੀ ਲੱਗਦੀ ਹੈ। ਇਹ ਸਰਕਾਰ ਦੇ ਕਦਮਾਂ ਬਾਰੇ ਇੱਕ ਗਿਆਨ ਭਰਪੂਰ ਪੱਤ੍ਰਿਕਾ ਹੈ। ਮੈਂ ਚਾਹੁੰਦਾ ਹਾਂ ਕਿ ਨਿਯਮਿਤ ਤੌਰ 'ਤੇ ਇਹ ਪੱਤ੍ਰਿਕਾ ਮੈਨੂੰ ਮਿਲਦੀ ਰਹੇ। ਤਾਂ ਜੋ ਮੈਂ ਦੇਸ਼ ਵਿੱਚ ਹੋ ਰਹੇ ਵਿਕਾਸ ਕਾਰਜਾਂ ਅਤੇ ਯੋਜਨਾਵਾਂ ਤੋਂ ਜਾਣੂ ਰਹਿ ਸਕਾਂ।

**meghalayashikshasamiti02@gmail.com**

## ਯੋਜਨਾਵਾਂ ਅਤੇ ਵਿਕਾਸ ਕਾਰਜਾਂ ਬਾਰੇ ਜਾਣਨ ਦਾ ਮੰਚ

ਨਿਊ ਇੰਡੀਆ ਸਮਾਚਾਰ ਪੱਤ੍ਰਿਕਾ ਦੇਸ਼ ਵਿੱਚ ਚੱਲ ਰਹੀਆਂ ਕੇਂਦਰ ਸਰਕਾਰ ਦੀਆਂ ਯੋਜਨਾਵਾਂ, ਪ੍ਰੋਗਰਾਮ ਅਤੇ ਵਿਕਾਸ ਗਤੀਵਿਧੀਆਂ ਬਾਰੇ ਜਾਣਕਾਰੀ ਹਾਸਲ ਕਰਨ ਦਾ ਇੱਕ ਸ਼ਾਨਦਾਰ ਜ਼ਰੀਆ ਹੈ। ਮੈਂ ਇਸ ਪੱਤ੍ਰਿਕਾ ਰਾਹੀਂ ਦੇਸ਼ ਵਿੱਚ ਹੋ ਰਹੀਆਂ ਵਿਕਾਸਪੂਰਨ ਗਤੀਵਿਧੀਆਂ ਬਾਰੇ ਵੀ ਜਾਣੂ ਹੋ ਪਾ ਰਿਹਾ ਹਾਂ। ਇਹ ਇੱਕ ਸ਼ਾਨਦਾਰ ਪੱਤ੍ਰਿਕਾ ਹੈ।

**mhqchoutuppal@gmail.com**

## ਵਿਦਿਆਰਥੀਆਂ ਦੇ ਸੁਨਹਿਰੇ ਭਵਿੱਖ ਵਿੱਚ ਵਡਮੁੱਲਾ ਯੋਗਦਾਨ

ਵਿਦਿਆਰਥੀਆਂ ਦੇ ਸੁਨਹਿਰੇ ਭਵਿੱਖ ਵਿੱਚ 'ਨਿਊ ਇੰਡੀਆ ਸਮਾਚਾਰ' ਪੱਤ੍ਰਿਕਾ ਦਾ ਯੋਗਦਾਨ ਵੱਡਮੁੱਲਾ ਹੈ। ਹੁਣ ਤੱਕ, ਰਾਜਸਥਾਨ ਲੋਕ ਸੇਵਾ ਕਮਿਸ਼ਨ (RPSC) ਦੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਕਰ ਰਹੇ ਵਿਦਿਆਰਥੀ ਵੀ ਮੌਜੂਦਾ ਮਾਮਲਿਆਂ ਲਈ ਬਹੁਤ ਸਾਰੀਆਂ ਬੇਲੋੜੀਆਂ ਕਿਤਾਬਾਂ ਪੜ੍ਹਦੇ ਸਨ। ਹਾਲ ਹੀ ਵਿੱਚ ਪ੍ਰਸ਼ਨ ਪੱਤਰਾਂ ਵਿੱਚ ਬਦਲਾਅ ਕੀਤੇ ਗਏ ਹਨ। ਅਜਿਹੇ ਵਿੱਚ ਕਰੰਟ ਅਫੇਅਰਸ ਲਈ 'ਨਿਊ ਇੰਡੀਆ ਸਮਾਚਾਰ' ਵਿੱਚ ਪ੍ਰਕਾਸ਼ਿਤ ਖ਼ਬਰਾਂ ਕਾਫੀ ਲਾਹੇਵੰਦ ਸਾਬਤ ਹੋ ਰਹੀਆਂ ਹਨ। ਇਸ ਲਈ ਸੰਪਾਦਕ ਮਹੋਦਯ ਨੂੰ ਬੇਨਤੀ ਹੈ ਕਿ ਬਹੁਤ ਹੀ ਜਾਣਕਾਰੀ ਭਰਪੂਰ ਸਮੱਗਰੀ ਦੇ ਕੇ ਲੱਖਾਂ ਬੱਚਿਆਂ ਦੇ ਭਵਿੱਖ ਨੂੰ ਸੁਨਹਿਰਾ ਬਣਾਉਂਦੇ ਰਹੋ।

**akshubishnoiraj@gmail.com**

## ਯੋਜਨਾਵਾਂ ਦੀ ਜਾਣਕਾਰੀ ਦੇਣ ਵਿੱਚ ਬਹੁਤ ਸਹਾਇਕ ਹੈ

ਮੇਰਾ ਨਾਮ ਤਥਾਗਤ ਭੱਟਾਚਾਰਿਆ ਹੈ। ਮੈਂ ਪੱਛਮ ਬੰਗਾਲ ਦੇ ਹਾਵੜ੍ਹਾ ਵਿੱਚ ਰਹਿੰਦਾ ਹਾਂ। ਮੈਨੂੰ ਨਿਊ ਇੰਡੀਆ ਸਮਾਚਾਰ ਬਹੁਤ ਪਸੰਦ ਹੈ। ਇਹ ਇੱਕ ਚੰਗੀ ਪੱਤ੍ਰਿਕਾ ਹੈ। ਇਹ ਮੇਰੇ ਲਈ ਦੇਸ਼ ਵਿੱਚ ਚਲ ਰਹੀਆਂ ਵਿਕਾਸਾਤਮਕ ਗਤੀਵਿਧੀਆਂ ਅਤੇ ਯੋਜਨਾਵਾਂ ਬਾਰੇ ਜਾਣਨ ਵਿੱਚ ਬਹੁਤ ਸਹਾਇਕ ਹੈ।

**bhattacharyyatathagata6@gmail.com**

## ਪ੍ਰੀਖਿਆ ਦੀ ਤਿਆਰੀ ਵਿੱਚ ਜਾਣਕਾਰੀ ਦਾ ਭਰੋਸੇਮੰਦ ਸਾਥੀ

ਮੇਰਾ ਨਾਮ ਸੌਰਵ ਸ਼ਰਮਾ ਹੈ। ਮੈਨੂੰ ਨਿਊ ਇੰਡੀਆ ਸਮਾਚਾਰ ਪੱਤ੍ਰਿਕਾ ਦੇ ਹਰੇਕ ਐਡੀਸ਼ਨ ਦਾ ਬੇਸਬਰੀ ਨਾਲ ਇੰਤਜ਼ਾਰ ਰਹਿੰਦਾ ਹੈ। ਹਰ ਨਵਾਂ ਐਡੀਸ਼ਨ ਉਨ੍ਹਾਂ ਵਿਸ਼ਿਆਂ ਨੂੰ ਕਵਰ ਕਰਦਾ ਹੈ ਜੋ ਸਾਡੇ ਦੇਸ਼ ਅਤੇ ਲੋਕਾਂ ਦੀਆਂ ਰੋਜ਼ਾਨਾ ਦੀ ਜ਼ਿੰਦਗੀ ਨਾਲ ਜੁੜੇ ਹੁੰਦੇ ਹਨ। ਇਹ ਮੈਗਜ਼ੀਨ ਪ੍ਰੀਖਿਆ ਦੀ ਤਿਆਰੀ ਦੇ ਲਈ ਵੀ ਭਰੋਸੇਮੰਦ ਜਾਣਕਾਰੀ ਦਾ ਇੱਕ ਬਹੁਤ ਵਧੀਆ ਸਰੋਤ ਹੈ।

**ਸੌਰਵ ਸ਼ਰਮਾ**

**sharmasourav1261@gmail.com**

ਕਮਿਊਨੀਕੇਸ਼ਨ ਅਡਰੈੱਸ ਅਤੇ ਈਮੇਲ : ਕਮਰਾ ਨੰਬਰ -1077, ਸੂਚਨਾ ਭਵਨ, ਸੀਜੀਓ ਕੰਪਲੈਕਸ, ਨਵੀਂ ਦਿੱਲੀ- 110003
ਈਮੇਲ– response-nis@pib.gov.in

ਨਿਊ ਇੰਡੀਆ ਸਮਾਚਾਰ ਨੂੰ ਆਕਾਸ਼ਵਾਣੀ ਦੇ ਐੱਫਐੱਮ ਗੋਲਡ 'ਤੇ ਹਰ ਸ਼ਨੀਵਾਰ-ਐਤਵਾਰ ਨੂੰ ਦੁਪਹਿਰ 3:10 ਵਜੇ ਤੋਂ 3:25 ਵਜੇ ਤੱਕ ਸੁਣਨ ਦੇ ਲਈ QR ਕੋਡ ਸਕੈਨ ਕਰੋ।

## ਰਾਸ਼ਟਰਪਤੀ ਨੇ ਸਵਦੇਸ਼ੀ ਹਲਕੇ ਲੜਾਕੂ ਹੈਪੀਕੌਪਟਰ 'ਪ੍ਰਚੰਡ' ਵਿੱਚ ਭਰੀ ਉਡਾਣ



ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ 27 ਫਰਵਰੀ ਨੂੰ ਰਾਜਸਥਾਨ ਦੇ ਜੈਸਲਮੇਰ ਹਵਾਈ ਸੈਨਾ ਸਟੇਸ਼ਨ 'ਤੇ ਸਵਦੇਸ਼ੀ ਹਲਕੇ ਲੜਾਕੂ ਹੈਲੀਕੌਪਟਰ 'ਪ੍ਰਚੰਡ' ਵਿੱਚ ਉਡਾਣ ਭਰੀ। ਇਸ ਤੋਂ ਪਹਿਲਾਂ ਰਾਸ਼ਟਰਪਤੀ, ਵਰ੍ਹੇ 2023 ਅਤੇ 2025 ਵਿੱਚ ਸੁਖੋਈ 30 ਐੱਮਕੇਆਈ ਅਤੇ ਰਾਫੇਲ ਵਿੱਚ ਉਡਾਣ ਭਰ ਚੁੱਕੇ ਹਨ। ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਗਰੁੱਪ ਕੈਪਟਨ ਨਯਮ ਸ਼ਾਂਤੀਲਾਲ ਬਹੂਆ ਦੇ ਨਾਲ ਉਡਾਣ ਭਰੀ। ਲਗਭਗ 25 ਮਿੰਟ ਦੇ ਇਸ ਮਿਸ਼ਨ ਦੇ ਦੌਰਾਨ ਗਡਿਸਰ ਝੀਲ ਅਤੇ ਜੈਸਲਮੇਰ ਕਿਲ੍ਹੇ ਦੇ ਉੱਪਰੋਂ ਉਡਾਣ ਭਰੀ ਅਤੇ ਇੱਕ ਟੈਂਕ ਟਾਰਗੈੱਟ 'ਤੇ ਵੀ ਹਮਲਾ ਕੀਤਾ। ਉਡਾਣ ਤੋਂ ਬਾਅਦ ਆਪਣੇ ਅਨੁਭਵ ਵਿੱਚ ਰਾਸ਼ਟਰਪਤੀ ਨੇ ਕਿਹਾ, "ਭਾਰਤ ਦੇ ਸਵਦੇਸ਼ੀ ਤੌਰ 'ਤੇ ਵਿਕਸਿਤ ਹਲਕੇ ਲੜਾਕੂ ਹੈਲੀਕੌਪਟਰ 'ਪ੍ਰਚੰਡ' ਵਿੱਚ ਉਡਾਣ ਭਰਨਾ ਮੇਰੇ ਲਈ ਇੱਕ ਖੁਸ਼ਨੁਮਾ ਅਨੁਭਵ ਰਿਹਾ ਹੈ। ਇਸ ਉਡਾਣ ਨੇ ਮੈਨੂੰ ਰਾਸ਼ਟਰ ਦੀਆਂ ਰੱਖਿਆ ਸਮਰੱਥਾਵਾਂ 'ਤੇ ਨਵੇਂ ਸਿਰ੍ਹੇ ਤੋਂ ਮਾਣ ਮਹਿਸੂਸ ਕਰਵਾਇਆ ਹੈ। ਮੈਂ ਭਾਰਤੀ ਹਵਾਈ ਸੈਨਾ ਅਤੇ ਹਵਾਈ ਸੈਨਾ ਸਟੇਸ਼ਨ ਜੈਸਲਮੇਰ ਦੀ ਪੂਰੀ ਟੀਮ ਨੂੰ ਇਸ ਉਡਾਣ ਦੇ ਸਫਲ ਆਯੋਜਨ ਦੇ ਲਈ ਵਧਾਈ ਦਿੰਦੀ ਹਾਂ।"

## ਤਮਿਲ ਨਾਡੂ ਦੇ ਕਿਸਾਨਾਂ ਨੂੰ ਮਿਲਿਆ ਆਲਮੀ ਮੰਚ



ਖੇਤੀ ਨਿਰਯਾਤ ਦੇ ਖੇਤਰ ਵਿੱਚ ਭਾਰਤ ਨੇ ਇੱਕ ਇਤਿਹਾਸਕ ਉਪਲਬਧੀ ਹਾਸਲ ਕੀਤੀ ਹੈ। ਤਮਿਲ ਨਾਡੂ ਦੇ ਕੈਨੇਡਾ ਦੇ ਲਈ ਜੀਆਈ ਟੈਗ ਵਾਲੇ ਪਹਿਲੇ ਸਲੇਮ ਸਾਬੂਦਾਨੇ ਦੀ ਖੇਪ ਨੂੰ ਰਵਾਨਾ ਕੀਤਾ ਗਿਆ। ਇਸ ਨਿਰਯਾਤ ਨਾਲ ਟੈਪੀਓਕਾ ਸਾਬੂਦਾਨਾ ਦੀ ਖੇਤੀ ਵਿੱਚ ਲੱਗੇ ਕਬਾਇਲੀ ਭਾਈਚਾਰੇ ਸਮੇਤ ਵੱਡੀ ਗਿਣਤੀ ਵਿੱਚ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਹੋਵੇਗਾ। ਨਾਲ ਹੀ, ਦੇਸ਼ ਦੇ ਖੇਤੀ ਨਿਰਯਾਤ ਨੂੰ ਮਜ਼ਬੂਤੀ ਮਿਲੇਗੀ। ਅੰਤਰਰਾਸ਼ਟਰੀ ਬਜ਼ਾਰ ਦੇ ਵੀ ਰਾਹ ਖੁੱਲ੍ਹਣਗੇ। ਤਮਿਲ ਨਾਡੂ ਟੈਪੀਓਕਾ ਦਾ ਭਾਰਤ ਵਿੱਚ ਸਭ ਤੋਂ ਵੱਡਾ ਉਤਪਾਦਕ ਹੈ। ਸਲੇਮ ਦਾ ਸਾਬੂਦਾਨਾ ਉਦਯੋਗ ਟੈਪੀਓਕਾ ਦੀ ਖੇਤੀ ਵਿੱਚ ਲੱਗੇ ਕਬਾਇਲੀ ਭਾਈਚਾਰਿਆਂ ਅਤੇ ਹਜ਼ਾਰਾਂ ਕਿਸਾਨਾਂ ਦੀ ਰੋਜ਼ੀ-ਰੋਟੀ ਦਾ ਮੁੱਖ ਅਧਾਰ ਹੈ। ਸਲੇਮ ਨੂੰ ਸਾਬੂਦਾਨਾ ਅਤੇ ਸਟਾਰਚ ਦੇ ਪ੍ਰਮੁੱਖ ਕੇਂਦਰ ਦੇ ਰੂਪ ਵਿੱਚ ਮਾਨਤਾ ਪ੍ਰਾਪਤ ਹੈ। ਇਹ ਹਜ਼ਾਰਾਂ ਕਿਸਾਨ ਪਰਿਵਾਰਾਂ ਦੀ ਰੋਜ਼ੀ- ਰੋਟੀ ਦਾ ਮੁੱਖ ਅਧਾਰ ਵੀ ਹੈ।

## 'ਅੰਜਦੀਪ'
### ਭਾਰਤ ਦਾ ਨਵਾਂ ਯੋਧਾ

ਭਾਰਤ ਦੀ ਸਮੁੰਦਰੀ ਸੁਰੱਖਿਆ ਅਤੇ ਰਣਨੀਤਕ ਸਮਰੱਥਾ ਨੂੰ ਮਜ਼ਬੂਤ ਬਣਾਉਣ ਦੀ ਦਿਸ਼ਾ ਵਿੱਚ ਭਾਰਤ ਦਾ ਨਵਾਂ ਯੋਧਾ 'ਅੰਜਦੀਪ' ਇੱਕ ਮਹੱਤਵਪੂਰਨ ਪੜਾਅ ਹੈ। ਈਐੱਨਐੱਸ ਅੰਜਦੀਪ ਪੋਰਟ ਨੂੰ 27 ਫਰਵਰੀ ਨੂੰ ਭਾਰਤੀ ਜਲ ਸੈਨਾ ਨੇ ਚੇੱਨਈ ਪੋਰਟ 'ਤੇ ਚੀਫ ਆਫ ਨੇਵਲ ਸਟਾਫ ਐਡਮਿਰਲ ਦਿਨੇਸ਼ ਕੇ. ਤ੍ਰਿਪਾਠੀ ਦੀ ਮੌਜੂਦਗੀ ਵਿੱਚ ਕਮਿਸ਼ਨ ਕੀਤਾ। ਇਸ ਪੋਰਟ ਨੂੰ 'ਡੌਲਫਿਨ ਹੰਟਰ' ਦੇ ਰੂਪ ਵਿੱਚ ਕੰਮ ਕਰਨ ਲਈ ਡਿਜ਼ਾਈਨ ਕੀਤਾ ਗਿਆ ਹੈ, ਜਿਸ ਦਾ ਮੁੱਖ ਉਦੇਸ਼ ਤਟਵਰਤੀ ਖੇਤਰਾਂ ਵਿੱਚ ਦੁਸ਼ਮਣ ਦੀਆਂ ਪਣਡੁੱਬੀਆਂ ਦਾ ਪਤਾ ਲਗਾਉਣਾ, ਉਨ੍ਹਾਂ ਦਾ ਪਿੱਛਾ ਕਰਨਾ ਅਤੇ ਉਨ੍ਹਾਂ ਨੂੰ ਅਕਿਰਿਆਸ਼ੀਲ ਕਰਨਾ ਹੈ। ਇਸ ਪੋਰਟ ਨਾਲ ਭਾਰਤੀ ਜਲ ਸੈਨਾ ਦੀ ਪਣਡੁੱਬੀ ਰੋਧੀ ਯੁੱਧ ਸਮਰੱਥਾਵਾਂ ਅਤੇ ਤਟਵਰਤੀ ਨਿਗਰਾਨੀ ਨੂੰ ਉਤਸ਼ਾਹ ਮਿਲੇਗਾ। ਪੋਰਟ ਨੂੰ ਸਵਦੇਸ਼ੀ, ਅਤਿ –ਆਧੁਨਿਕ ਪਣਡੁੱਬੀ ਰੋਧੀ ਹਥਿਆਰਾਂ ਅਤੇ ਸੈਂਸਰ ਪੈਕੇਜ ਨਾਲ ਲੈਸ ਕੀਤਾ ਗਿਆ ਹੈ। ਇਸ ਵਿੱਚ ਹਲ ਮਾਊਂਟਿਡ ਸੋਨਾਰ ਅਭੈ ਸ਼ਾਮਲ ਹੈ। ਹਲਕੇ ਟੌਰਪਿਡੋ ਅਤੇ ਪਣਡੁੱਬੀ ਰੋਧੀ ਰਾਕੇਟਾਂ ਨਾਲ ਵੀ ਲੈਸ ਹਨ।



## ਸੜਕ ਦੁਰਘਟਨਾ ਦੇ ਜ਼ਖਮੀਆਂ ਨੂੰ ਕੈਸ਼ਲੈੱਸ ਇਲਾਜ ਦੇਣ ਦੀ ਪਹਿਲ



ਕੇਂਦਰ ਸਰਕਾਰ ਵੱਲੋਂ ਇਹ ਯਕੀਨੀ ਬਣਾਉਣ ਲਈ ਇੱਕ ਵੱਡੀ ਪਹਿਲਕਦਮੀ ਕੀਤੀ ਗਈ ਹੈ ਕਿ ਕਿਸੇ ਵੀ ਸੜਕ ਹਾਦਸੇ ਵਿੱਚ ਜ਼ਖਮੀਆਂ ਨੂੰ ਗੋਲਡਨ ਆਵਰ ਵਿੱਚ ਇਲਾਜ ਤੋਂ ਵਾਂਝਾ ਨਾ ਰਹਿਣਾ ਪਵੇ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪੀਐੱਮ ਰਾਹਤ (ਸੜਕ ਦੁਰਘਟਨਾ ਹਸਪਤਾਲ ਵਿੱਚ ਭਰਤੀ ਅਤੇ ਯਕੀਨੀ ਇਲਾਜ) ਯੋਜਨਾ ਸ਼ੁਰੂ ਕਰਨ ਨੂੰ ਮਨਜ਼ੂਰੀ ਦਿੱਤੀ ਹੈ। ਯੋਜਨਾ ਦੇ ਤਹਿਤ ਕਿਸੇ ਵੀ ਸ਼੍ਰੇਣੀ ਦੀ ਸੜਕ ਦੁਰਘਟਨਾ ਦੇ ਹਰੇਕ ਯੋਗ ਪੀੜ੍ਹਤ ਨੂੰ ਦੁਰਘਟਨਾ ਦੀ ਮਿਤੀ ਤੋਂ ਸੱਤ ਦਿਨਾਂ ਦੇ ਲਈ ਇੱਕ ਲੱਖ 50 ਹਜ਼ਾਰ ਰੁਪਏ ਤੱਕ ਦਾ ਕੈਸ਼ਲੈੱਸ ਇਲਾਜ ਮਿਲੇਗਾ। ਰੋਡ, ਟ੍ਰਾਂਸਪੋਰਟ ਅਤੇ ਹਾਈਵੇਅਜ਼ ਮੰਤਰਾਲੇ ਨੇ ਕਿਹਾ ਕਿ ਹਸਪਤਾਲਾਂ ਨੂੰ ਮੋਟਰ ਵ੍ਹੀਕਲ ਐਕਸੀਡੈਂਟ ਫੰਡ ਰਾਹੀਂ ਮੁਆਵਜ਼ਾ ਦਿੱਤਾ ਜਾਵੇਗਾ। ਅਧਿਐਨ ਤੋਂ ਪਤਾ ਚਲਦਾ ਹੈ ਕਿ ਜੇਕਰ ਪੀੜ੍ਹਤਾਂ ਨੂੰ ਪਹਿਲੇ ਘੰਟੇ ਦੇ ਅੰਦਰ ਹਸਪਤਾਲ ਵਿੱਚ ਭਰਤੀ ਕਰਵਾ ਲਿਆ ਜਾਵੇ ਤਾਂ ਸੜਕ ਦੁਰਘਟਨਾਵਾਂ ਵਿੱਚ ਹੋਣ ਵਾਲੀਆਂ ਲਗਭਗ 50 ਫੀਸਦੀ ਮੌਤਾਂ ਨੂੰ ਟਾਲਿਆ ਜਾ ਸਕਦਾ ਹੈ।

## ਰਾਸ਼ਟਰੀ ਰਾਜਮਾਰਗ ਦੇ ਕਿਨਾਰੇ ਵਿਕਸਿਤ ਹੋਣਗੇ 'ਮਧੂਮੱਖੀ (ਬੀ) ਕੌਰੀਡੋਰਸ'



ਭਾਰਤੀ ਰਾਸ਼ਟਰੀ ਰਾਜਮਾਰਗ ਅਥਾਰਿਟੀ (ਐੱਨਐੱਚਏਆਈ) ਨੇ ਰਾਸ਼ਟਰੀ ਰਾਜਮਾਰਗਾਂ ਦੇ ਕਿਨਾਰੇ ਮਧੂਮੱਖੀ ਕੌਰੀਡੋਰਸ ਵਿਕਸਿਤ ਕਰਨ ਦੀ ਇੱਕ ਅਨੋਖੀ ਪਹਿਲ ਦਾ ਐਲਾਨ ਕੀਤਾ ਹੈ। 'ਮਧੂਮੱਖੀ ਕੌਰੀਡੋਰਸ' ਵਿੱਚ ਮਧੂਮੱਖੀ ਅਨੁਕੂਲ ਬੂਟੇ ਲਗਾਏ ਜਾਣਗੇ। ਇਹ ਪਹਿਲ ਮਧੂਮੱਖੀਆਂ ਦੇ ਨਾਲ ਹੀ ਅਜਿਹੇ ਜੀਵ-ਜੰਤੂਆਂ ਦੇ ਲਈ ਵੀ ਉਪਯੋਗੀ ਹੋਵੇਗੀ ਜੋ ਕਿ ਪਰਾਗ ਨੂੰ ਇੱਕ ਫੁੱਲ ਤੋਂ ਦੂਸਰੇ ਫੁੱਲ ਤੱਕ ਲੈ ਜਾਂਦੇ ਹਨ। ਪੌਦਿਆਂ ਦੀਆਂ ਪ੍ਰਜਾਤੀਆਂ ਦੀ ਚੋਣ ਇਸ ਤਰ੍ਹਾਂ ਨਾਲ ਕੀਤੀ ਜਾਵੇਗੀ ਕਿ ਜਿਸ ਨਾਲ ਪੂਰਾ ਸਾਲ ਨਿਰੰਤਰ ਫੁੱਲ ਖਿੜਣ ਦਾ ਚੱਕਰ ਬਣਿਆ ਰਹੇ। ਰਾਸ਼ਟਰੀ ਰਾਜਮਾਰਗਾਂ ਦੇ ਕਿਨਾਰੇ ਨਿੰਮ, ਕਰੰਜ, ਮਹੂਆ, ਪਲਾਸ਼, ਬੌਟਲ ਬ੍ਰਸ਼, ਜਾਮਨ ਅਤੇ ਸਿਰਿਸ ਸਮੇਤ ਦੇਸੀ ਪ੍ਰਜਾਤੀਆਂ ਦੇ ਬੂਟੇ ਲਗਾਏ ਜਾਣਗੇ। ਐੱਨਐੱਚਏਆਈ ਦਾ ਟੀਚਾ ਸਾਲ 2026-27 ਦੇ ਦੌਰਾਨ ਰਾਸ਼ਟਰੀ ਰਾਜਮਾਰਗਾਂ ਦੇ ਕਿਨਾਰੇ ਲਗਭਗ 40 ਲੱਖ ਬੂਟੇ ਲਗਾਉਣ ਦਾ ਹੈ, ਜਿਨ੍ਹਾਂ ਵਿੱਚੋਂ ਲਗਭਗ 60 ਫੀਸਦੀ ਬੂਟੇ 'ਮਧੂਮੱਖੀ ਕੌਰੀਡੋਰਸ' ਪਹਿਲਕਦਮੀ ਦੇ ਤਹਿਤ ਲਗਾਏ ਜਾਣਗੇ।

# ਯੋਗਾ ਵਿੱਚ ਹੈ ਯੋਗਦਾਨ

## ਤਾਂ ਕਰੋ ਪ੍ਰਧਾਨ ਮੰਤਰੀ ਯੋਗਾ ਪੁਰਸਕਾਰ 2026 ਲਈ ਅਪਲਾਈ

**ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਯਤਨਾਂ ਨਾਲ ਸੰਯੁਕਤ ਰਾਸ਼ਟਰ ਨੇ ਰਿਕਾਰਡ ਦੇਸ਼ਾਂ ਦੇ ਸਮਰਥਨ ਨਾਲ ਹਰ ਵਰ੍ਹੇ 21 ਜੂਨ ਨੂੰ ਅੰਤਰਰਾਸ਼ਟਰੀ ਯੋਗ ਦਿਵਸ ਮਨਾਉਣ ਦਾ ਫੈਸਲਾ ਲਿਆ ਸੀ। ਉਸੇ ਯੋਗਾ ਨੂੰ ਹੁਲਾਰਾ ਦੇਣ ਦੇ ਲਈ ਸ਼ੁਰੂ ਪ੍ਰਧਾਨ ਮੰਤਰੀ ਯੋਗ ਪੁਰਸਕਾਰ ਦੀ ਸੀਰੀਜ਼ ਵਿੱਚ 2026 ਦੇ ਲਈ ਉਨ੍ਹਾਂ ਵਿਅਕਤੀਆਂ ਅਤੇ ਸੰਸਥਾਨਾਂ ਤੋਂ ਐਪਲੀਕੇਸ਼ਨਾਂ ਮੰਗੀਆਂ ਗਈਆਂ ਹਨ, ਜਿਨ੍ਹਾਂ ਦੇ ਨਿਰੰਤਰ ਯਤਨਾਂ ਨਾਲ ਯੋਗਾ ਦਾ ਪ੍ਰਭਾਵ ਵਧਿਆ ਹੈ। ਪੁਰਸਕਾਰ ਲਈ ਅਪਲਾਈ ਰਾਸ਼ਟਰੀ ਪੁਰਸਕਾਰ ਪੋਰਟਲ www.awards.gov.in 'ਤੇ ਕੀਤੇ ਜਾ ਸਕਦੇ ਹਨ। ਅਪਲਾਈ ਕਰਨ ਦੀ ਅੰਤਿਮ ਮਿਤੀ 21 ਮਾਰਚ 2016 ਹੈ। ਆਯੁਸ਼ ਮੰਤਰਾਲੇ ਨੇ ਦੱਸਿਆ ਹੈ ਕਿ ਲੋੜ ਪੈਣ 'ਤੇ ਰਜਿਸਟ੍ਰੇਸ਼ਨ ਦੀ ਮਿਤੀ 15 ਦਿਨਾਂ ਤੱਕ ਵਧਾਈ ਜਾ ਸਕਦੀ ਹੈ। ਹਰੇਕ ਪੁਰਸਕਾਰ ਜੇਤੂ ਨੂੰ ਇੱਕ ਟ੍ਰੌਫੀ, ਇੱਕ ਸਰਟੀਫਿਕੇਟ ਅਤੇ 25 ਲੱਖ ਰੁਪਏ ਦਾ ਨਕਦ ਪੁਰਸਕਾਰ ਦਿੱਤਾ ਜਾਵੇਗਾ। ਪ੍ਰਧਾਨ ਮੰਤਰੀ ਯੋਗਾ ਪੁਰਸਕਾਰ - 2026 ਵਿੱਚ ਵਿਅਕਤੀਗਤ ਅਤੇ ਸੰਸਥਾ ਦੋਵਾਂ ਸ਼੍ਰੇਣੀਆਂ ਵਿੱਚ ਰਾਸ਼ਟਰੀ /ਅੰਤਰਰਾਸ਼ਟਰੀ ਪੱਧਰ 'ਤੇ ਦੋ-ਦੋ ਪੁਰਸਕਾਰ ਦਿੱਤੇ ਜਾਣਗੇ।**





■ ਜਨਮ : 22 ਮਾਰਚ 1894 ■ ਸ਼ਹਾਦਤ : 12 ਜਨਵਰੀ 1934

# ਚਿੱਟਾਗੌਂਗ ਵਿਦ੍ਰੋਹ ਦੇ ਨਾਇਕ

ਭਾਰਤ ਦੀ ਆਜ਼ਾਦੀ ਦੇ ਲਈ ਆਪਣਾ ਲਹੂ ਵਹਾਉਣ ਵਾਲੇ ਸੂਰਯ ਸੇਨ ਨੇ ਨਾ ਸਿਰਫ਼ ਮਰਦੇ ਦਮ ਤੱਕ ਬ੍ਰਿਟਿਸ਼ ਰਾਜ ਦੇ ਵਿਰੁੱਧ ਆਵਾਜ਼ ਬੁਲੰਦ ਕੀਤੀ ਸਗੋਂ ਕਈ ਵਾਰ ਉਨ੍ਹਾਂ ਨੂੰ ਗੰਭੀਰ ਜ਼ਖਮ ਵੀ ਦਿੱਤੇ । ਮਾਂ ਭਾਰਤੀ ਦੇ ਬਹਾਦਰ ਸਪੂਤ, ਚਿੱਟਾਗੌਂਗ ਵਿਦ੍ਰੋਹ ਦੇ ਨਾਇਕ ਅਤੇ 'ਮਾਸਟਰ ਦਾ' ਦੇ ਨਾਮ ਨਾਲ ਪਛਾਣ ਰੱਖਣ ਵਾਲੇ ਮਹਾਨ ਕ੍ਰਾਂਤੀਕਾਰੀ ਸੂਰਯ ਸੇਨ ਨੇ ਅੰਗਰੇਜ਼ਾਂ ਨਾਲ ਲੜਣ ਦਾ ਵੱਖਰਾ ਤਰੀਕਾ ਅਪਣਾਇਆ। ਜ਼ਾਲਮ ਅੰਗਰੇਜ਼ ਅਫਸਰਾਂ ਨੇ ਸੂਰਯ ਸੇਨ ਨੂੰ ਫਾਂਸੀ ਤੋਂ ਠੀਕ ਪਹਿਲਾਂ ਬੁਹਤ ਬੇਰਹਿਮੀ ਨਾਲ ਪ੍ਰਤਾੜਿਤ ਕੀਤਾ, ਫਿਰ ਵੀ ਨਹੀਂ ਤੋੜ ਸਕੇ ਉਨ੍ਹਾਂ ਦੀ ਹਿੰਮਤ ...

ਬਸਤੀਵਾਦੀ ਕਾਲ ਵਿੱਚ ਅਣਵੰਡੇ ਬੰਗਾਲ ਦਾ ਹਿੱਸਾ ਰਹੇ ਚਿੱਟਾਗੌਂਗ (ਵਰਤਮਾਨ ਸਮੇਂ ਬੰਗਲਾਦੇਸ਼ ਵਿੱਚ) ਦੇ ਨੋਆਪਾੜ੍ਹਾ ਵਿੱਚ ਅਧਿਆਪਕ ਰਾਮਨਿਰੰਜਨ ਸੇਨ ਦੇ ਘਰ 22 ਮਾਰਚ, 1894 ਨੂੰ ਸੂਰਯ ਸੇਨ ਦਾ ਜਨਮ ਹੋਇਆ ਸੀ। 1916 ਵਿੱਚ, ਰਾਸ਼ਟਰਵਾਦ ਦੀ ਭਾਵਨਾ ਨਾਲ ਉਤਸ਼ਾਹਿਤ ਅਤੇ ਕਾਲਜ ਵਿੱਚ ਆਪਣੇ ਅਧਿਆਪਕਾਂ ਤੋਂ ਪ੍ਰੇਰਿਤ ਹੋ ਕੇ, ਉਹ ਅਨੁਸ਼ੀਲਨ ਕਮੇਟੀ ਵਿੱਚ ਸ਼ਾਮਲ ਹੋ ਗਏ, ਜਿਸ ਦਾ ਇੱਕੋ- ਇੱਕ ਟੀਚਾ ਅੰਗਰੇਜ਼ਾਂ ਨੂੰ ਦੇਸ਼ ਤੋਂ ਬਾਹਰ ਕੱਢਣਾ ਸੀ। ਉਹ ਅਸਹਿਯੋਗ ਅੰਦੋਲਨ ਵਿੱਚ ਵੀ ਸਰਗਰਮ ਤੌਰ 'ਤੇ ਸ਼ਾਮਲ ਹੋਏ। ਉਨ੍ਹਾਂ ਨੂੰ ਬ੍ਰਿਟਿਸ਼ –ਵਿਰੋਧੀ ਗਤੀਵਿਧੀਆਂ ਦੇ ਕਾਰਨ ਗ੍ਰਿਫ਼ਤਾਰ ਵੀ ਕੀਤਾ ਗਿਆ। ਜ਼ੇਲ੍ਹ ਤੋਂ ਰਿਹਾਅ ਹੋਣ ਤੋਂ ਬਾਅਦ, ਸੂਰਯ ਸੇਨ ਨੇ ਦਿ ਇੰਡੀਅਨ ਰੈਵੋਲਿਊਸ਼ਨਰੀ ਆਰਮੀ ਨਾਮ ਦੇ ਕਾਰਜਕਰਤਾਵਾਂ ਦੇ ਇੱਕ ਸਮੂਹ ਦੀ ਅਗਵਾਈ ਕੀਤੀ। ਇਸ ਸੰਗਠਨ ਦਾ ਉਦੇਸ਼ ਅੰਗਰੇਜ਼ਾਂ ਦੇ ਵਿਰੁੱਧ ਇੱਕ ਸੰਗਠਿਤ ਸੰਘਰਸ਼ ਦੀ ਅਗਵਾਈ ਕਰਨਾ ਅਤੇ ਉਨ੍ਹਾਂ ਦੀ ਸੱਤਾ ਨੂੰ ਚੁਣੌਤੀ ਦੇਣਾ ਸੀ।

ਛਾਪੇਮਾਰੀ ਦੇ ਲਈ ਸੂਰਯ ਸੇਨ ਨੇ ਉੱਥੋਂ ਦੇ ਨੌਜਵਾਨਾਂ ਨੂੰ ਲਾਮਬੰਦ ਅਤੇ ਟ੍ਰੇਂਡ ਕਰਨਾ ਸ਼ੁਰੂ ਕੀਤਾ। ਉਹ ਬੰਬ ਬਣਾਉਣ ਦੀ ਕਲਾ ਵਿੱਚ ਮਾਹਿਰ ਸਨ ਅਤੇ ਕ੍ਰਾਂਤੀਕਾਰੀਆਂ ਦੇ ਲਈ ਵਿਸਫੋਟਕ ਤਿਆਰ ਕਰਨ ਦੀ ਜ਼ਿੰਮੇਵਾਰੀ ਸੰਭਾਲਦੇ ਸਨ। 18 ਅਪ੍ਰੈਲ, 1930 ਨੂੰ ਸੂਰਯ ਸੇਨ, ਗਣੇਸ਼ ਘੋਸ਼, ਪ੍ਰੀਤਿਲਿਤਾ ਵਾਡੇਦਾਰ ਅਤੇ ਕੁਝ ਹੋਰ ਵਿਅਕਤੀਆਂ ਦੀ ਅਗਵਾਈ ਹੇਠ, ਸਮੂਹਾਂ ਵਿੱਚ ਵੰਡੇ ਹੋਏ ਸੱਠ ਤੋਂ ਵੱਧ ਵਿਦਿਆਰਥੀਆਂ ਨੇ ਚਿੱਟਾਗੌਂਗ ਦੇ ਬਸਤੀਵਾਦੀ ਪ੍ਰਸ਼ਾਸਨ ਅਤੇ ਉਸ ਦੀ ਪੂਰੀ ਪ੍ਰਣਾਲੀ 'ਤੇ ਇੱਕ ਯੋਜਨਾਬੱਧ ਹਮਲੇ ਦੀ ਸ਼ੁਰੂਆਤ ਕੀਤੀ। ਉਨ੍ਹਾਂ ਦਾ ਉਦੇਸ਼ ਸੀ, ਚਿੱਟਾਗੌਂਗ ਵਿੱਚ ਸਰਕਾਰੀ ਸੰਚਾਰ ਪ੍ਰਣਾਲੀ ਵਿੱਚ ਰੁਕਾਵਟ ਪਾਉਣਾ, ਪੁਲਿਸ ਅਤੇ ਸਹਾਇਕ ਬਲਾਂ ਦੇ ਹਥਿਆਰਾਂ 'ਤੇ ਛਾਪਾ ਮਾਰਨਾ ਅਤੇ ਹਥਿਆਰ ਪ੍ਰਾਪਤ ਕਰਨਾ ਸੀ। ਅੰਗਰੇਜ਼ਾਂ ਦੇ ਵਿਰੁੱਧ ਇੱਕ ਹਥਿਆਰਬੰਦ ਸੰਘਰਸ਼ ਸ਼ੁਰੂ ਕਰਨ ਦੇ ਲਈ ਜ਼ਬਤ ਕੀਤੇ ਗਏ ਹਥਿਆਰਾਂ ਨੂੰ ਕ੍ਰਾਂਤੀਕਾਰੀ ਕਾਰਜਕਰਤਾਵਾਂ ਦੇ ਦਰਮਿਆਨ ਵੰਡਿਆ ਜਾਣਾ ਸੀ।

ਉੱਥੇ ਉਹ ਟੈਲੀਗ੍ਰਾਮ ਅਤੇ ਰੇਲਵੇ ਲਾਈਨਾਂ ਵਿੱਚ ਵਿਗਾੜ ਪਾਉਣ ਦੇ ਨਾਲ ਹੀ ਹਥਿਆਰਾਂ 'ਤੇ ਛਾਪੇ ਮਾਰਨ ਵਿੱਚ ਸਫਲ ਰਹੇ। ਉੱਥੇ ਹੀ ਗੋਲਾ- ਬਾਰੂਦ ਲੱਭਣ ਵਿੱਚ ਉਨ੍ਹਾਂ ਨੂੰ ਅਸਫਲਤਾ ਦਾ ਸਾਹਮਣਾ ਕਰਨਾ ਪਿਆ। ਫਿਰ ਵੀ, ਉਨ੍ਹਾਂ ਨੇ ਚਿੱਟਾਗੌਂਗ ਨੂੰ ਸੁਤੰਤਰ ਐਲਾਨਿਆ। ਉੱਥੇ ਇੱਕ ਅਸਥਾਈ ਸਰਕਾਰ ਬਣਾਉਣ ਦਾ ਦਾਅਵਾ ਕੀਤਾ। ਨੌਜਵਾਨਾਂ ਨੂੰ ਇਸ ਅੰਦੋਲਨ ਵਿੱਚ ਜੁੜਣ ਦੀ ਅਪੀਲ ਕੀਤੀ। ਅਚਾਨਕ ਹੋਏ ਇਸ ਘਟਨਾਕ੍ਰਮ ਨਾਲ ਬ੍ਰਿਟਿਸ਼ ਅਫਸਰ ਹਿੱਲ ਗਏ ਅਤੇ ਪਿੱਛੇ ਹਟ ਗਏ। ਪਰ ਕੁਝ ਹੀ ਸਮੇਂ ਵਿੱਚ ਅੰਗਰੇਜ਼ ਹੋਰ ਜ਼ਿਆਦਾ ਮਜ਼ਬੂਤ ਹੋ ਕੇ ਵਾਪਸ ਆਏ ਅਤੇ ਕਾਰਜਕਰਤਾਵਾਂ ਦਾ ਬੇਰਹਿਮੀ ਨਾਲ ਸੋਸ਼ਣ ਕੀਤਾ। ਸੂਰਯ ਸੇਨ ਅਤੇ ਉਨ੍ਹਾਂ ਦੇ ਜ਼ਿਆਦਾਤਰ ਸਹਿਯੋਗੀ ਜਲਾਲਾਬਾਦ ਦੀਆਂ ਪਹਾੜੀਆਂ ਪਿੱਛੇ ਲੁੱਕ ਗਏ। ਉੱਥੇ ਦੇ ਪਿੰਡਾਂ ਵਿੱਚ ਸੇਨ ਨੂੰ ਲੋਕਾਂ ਦਾ ਭਾਰੀ ਸਮਰਥਨ ਮਿਲਿਆ। ਆਪਣੇ ਠਿਕਾਣੇ ਤੋਂ, ਉਨ੍ਹਾਂ ਨੇ ਬਸਤੀਵਾਦੀ ਸੰਪਤੀ ਅਤੇ ਅਫਸਰਾਂ 'ਤੇ ਕਈ ਗੁਰੀਲਾ ਹਮਲੇ ਕੀਤੇ। 16 ਫਰਵਰੀ 1933 ਨੂੰ ਸੂਰਯ ਸੇਨ ਦੇ ਫੜੇ ਜਾਣ ਤੋਂ ਪਹਿਲਾਂ ਲਗਭਗ 3 ਵਰ੍ਹੇ ਅੰਗਰੇਜ਼ਾਂ ਤੋਂ ਬਚਣ ਵਿੱਚ ਸਫਲ ਰਹੇ।

12 ਜਨਵਰੀ 1934 ਨੂੰ, ਸੇਨ ਅਤੇ ਉਨ੍ਹਾਂ ਦੇ ਸਾਥੀ ਤਾਰਕੇਸ਼ਵਰ ਦਸਤੀਦਾਰ ਨੂੰ ਅੰਗਰੇਜ਼ਾਂ ਨੇ ਫਾਂਸੀ ਦੇ ਦਿੱਤੀ। ਆਪਣੇ ਸਾਥੀਆਂ ਨੂੰ ਲਿਖੀ ਆਪਣੀ ਆਖਰੀ ਚਿੱਠੀ ਵਿੱਚ, ਉਨ੍ਹਾਂ ਦੀਆਂ ਲਿਖੀਆਂ ਕੁਝ ਲਾਈਨਾਂ ਇਸ ਤਰ੍ਹਾਂ ਸਨ "ਮੌਤ ਮੇਰਾ ਦਰਵਾਜ਼ਾ ਖੜਕਾ ਰਹੀ ਹੈ, ਮੇਰਾ ਮਨ ਅਨੰਤ ਕਾਲ ਵੱਲ ਉਡਾਣਾਂ ਭਰ ਰਿਹਾ ਹੈ... ਅਜਿਹੇ ਸੁਖਾਵੇਂ, ਅਜਿਹੇ ਡੂੰਘੇ, ਅਜਿਹੇ ਗੰਭੀਰ ਪਲ ਵਿੱਚ, ਮੈਂ ਤੁਹਾਡਾ ਪਿੱਛਾ ਕਿਵੇਂ ਛੱਡਾਂ? ਬੱਸ ਇੱਕ ਹੀ ਚੀਜ਼ ਹੈ, ਉਹ ਹੈ ਮੇਰਾ ਸੁਪਨਾ, ਇੱਕ ਸੁਨਹਿਰਾ ਸੁਪਨਾ –ਆਜ਼ਾਦ ਭਾਰਤ ਦਾ ਸੁਪਨਾ ..." ■

" ਮਾਸਟਰ ਸੂਰਯ ਸੇਨ ਨੂੰ 1934 ਵਿੱਚ ਜਦੋਂ ਫਾਂਸੀ ਦਿੱਤੀ ਗਈ, ਤਾਂ ਉਨ੍ਹਾਂ ਨੇ ਆਪਣੇ ਸਾਥੀਆਂ ਨੂੰ ਇੱਕ ਚਿੱਠੀ ਲਿਖੀ ਅਤੇ ਚਿੱਠੀ ਵਿੱਚ ਇੱਕ ਹੀ ਸ਼ਬਦ ਦੀ ਗੂੰਜ ਸੀ ਅਤੇ ਉਹ ਸ਼ਬਦ ਸੀ ਵੰਦੇ ਮਾਤਰਮ। - **ਨਰੇਂਦਰ ਮੋਦੀ ਪ੍ਰਧਾਨ ਮੰਤਰੀ**





# ਸਮਰੱਥਾ ਨੂੰ ਮਜ਼ਬੂਤ ਕਰਨ ਦਾ ਨਿਰੰਤਰ ਯਤਨ

ਸ਼ਾਸਤਰਾਂ ਵਿੱਚ ਕਿਹਾ ਗਿਆ ਹੈ - "ਤਤ੍ ਤ੍ਵਮ ਅਸਿ! ਯਾਨੀ ਜਿਸ ਬ੍ਰਹਮਾ ਦੀ ਭਾਲ ਵਿੱਚ ਅਸੀਂ ਨਿਕਲੇ ਹਾਂ, ਉਹ ਅਸੀਂ ਹੀ ਹਾਂ, ਉਹ ਸਾਡੇ ਅੰਦਰ ਹੀ ਹੈ। ਜੋ ਸਮਰੱਥਾ ਸਾਡੇ ਅੰਦਰ ਹੈ, ਉਸ ਨੂੰ ਪਛਾਣਨਾ ਹੈ। ਬੀਤੇ 11 ਵਰ੍ਹਿਆਂ ਵਿੱਚ ਭਾਰਤ ਨੇ ਆਪਣੀ ਓਹੀ ਸਮਰੱਥਾ ਪਛਾਣੀ ਅਤੇ ਇਸ ਸਮਰੱਥਾ ਨੂੰ ਮਜ਼ਬੂਤ ਕਰਨ ਲਈ ਅੱਜ ਦੇਸ਼ ਨਿਰੰਤਰ ਯਤਨ ਕਰ ਰਿਹਾ ਹੈ। 27 ਫਰਵਰੀ ਨੂੰ ਨਿਊਜ਼ 18 ਰਾਈਜ਼ਿੰਗ ਭਾਰਤ ਸਮਿਟ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਬੀਤੇ 11 ਵਰ੍ਹਿਆਂ ਵਿੱਚ ਦੇਸ਼ ਦੀ ਚੇਤਨਾ ਵਿੱਚ ਨਵੀਂ ਊਰਜਾ ਦਾ ਹੋਇਆ ਹੈ ਪ੍ਰਵਾਹ ...

ਸਮਰੱਥਾ ਕਿਸੇ ਦੇਸ਼ ਵਿੱਚ ਅਚਾਨਕ ਪੈਦਾ ਨਹੀਂ ਹੁੰਦੀ, ਸਮਰੱਥਾ ਪੀੜ੍ਹੀਆਂ ਵਿੱਚ ਬਣਦੀ ਹੈ। ਉਹ ਗਿਆਨ, ਪਰੰਪਰਾ, ਮਿਹਨਤ ਅਤੇ ਤਜ਼ਰਬੇ ਨਾਲ ਨਿਖਰਦੀ ਹੈ। ਨਿਊਜ਼ 18 ਰਾਈਜ਼ਿੰਗ ਭਾਰਤ ਸਮਿਟ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਜਦੋਂ ਕਿਸੇ ਰਾਸ਼ਟਰ ਦੇ ਅੰਦਰ, ਲੁਕੀ ਹੋਈ ਉਸ ਦੀ ਸ਼ਕਤੀ ਜਾਗਦੀ ਹੈ ਤਾਂ ਉਹ ਨਵੀਆਂ ਪ੍ਰਾਪਤੀਆਂ ਹਾਸਲ ਕਰਦਾ ਹੈ। ਭਾਰਤ ਦਾ ਡਿਜੀਟਲ ਪਬਲਿਕ ਇਨਫ੍ਰਾਸਟ੍ਰਕਚਰ, ਅੱਜ ਪੂਰੇ ਵਿਸ਼ਵ ਲਈ ਚਰਚਾ ਦਾ ਵਿਸ਼ਾ ਬਣ ਚੁੱਕਾ ਹੈ।

ਇੱਕ ਸਮਾਂ ਸੀ, ਜਦੋਂ ਭਾਰਤ ਨਵੀਂ ਤਕਨਾਲੋਜੀ ਦਾ ਸਿਰਫ਼ ਉਪਭੋਗਤਾ ਸੀ। ਅੱਜ ਭਾਰਤ ਨਵੀਂ ਤਕਨਾਲੋਜੀ ਦਾ ਨਿਰਮਾਤਾ ਵੀ ਹੈ ਅਤੇ ਨਵੇਂ ਮਿਆਰ ਵੀ ਸਥਾਪਿਤ ਕਰ ਰਿਹਾ ਹੈ। ਅਜਿਹਾ ਇਸ ਲਈ ਹੋਇਆ ਹੈ ਕਿਉਂਕਿ ਭਾਰਤ ਨੇ ਆਪਣੀ ਸਮਰੱਥਾ ਨੂੰ ਪਛਾਣਿਆ ਹੈ। ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਜਦੋਂ ਅਸੀਂ ਮਾਣ ਨਾਲ ਅੱਗੇ ਵਧਦੇ ਹਾਂ, ਤਾਂ ਦੁਨੀਆ ਸਾਨੂੰ ਜਿਸ ਨਜ਼ਰ ਨਾਲ ਦੇਖਦੀ ਰਹੀ ਹੈ, ਉਹ ਨਜ਼ਰ ਵੀ ਬਦਲੀ ਹੈ। ਕੁਝ ਵਰ੍ਹੇ ਪਹਿਲਾਂ ਤੱਕ ਦੁਨੀਆ ਵਿੱਚ ਭਾਰਤ ਦੇ ਕਿਸੇ ਈਵੈਂਟ ਦੀ ਕਿੰਨੀ ਘੱਟ ਚਰਚਾ ਹੁੰਦੀ ਸੀ ਅਤੇ ਓਨੀ ਤਵੱਜੋ ਨਹੀਂ ਦਿੱਤੀ ਜਾਂਦੀ ਸੀ। ਅੱਜ ਭਾਰਤ ਜੋ ਕਰਦਾ ਹੈ, ਜੋ ਐਕਸ਼ਨ ਇੱਥੇ ਹੁੰਦੇ ਹਨ, ਉਸ ਦਾ ਆਲਮੀ ਵਿਸ਼ਲੇਸ਼ਣ ਹੁੰਦਾ ਹੈ। ਏਆਈ ਸਮਿਟ ਇਸ ਦੀ ਉਦਾਹਰਣ ਹੈ। ▪

## ਸ਼ਿਪਿੰਗ ਅਤੇ ਪੋਰਟ ਇਨਫ੍ਰਾਸਟ੍ਰਕਚਰ ਨੂੰ ਮਜ਼ਬੂਤੀ

ਭਾਰਤ ਹਰ ਵਰ੍ਹੇ ਵਿਦੇਸ਼ੀ ਸਮੁੰਦਰੀ ਜਹਾਜ਼ਾਂ ਨਾਲ ਮਾਲ ਢੋਆ-ਢੁਆਈ ਦੇ ਲਈ ਕਿਰਾਏ 'ਤੇ 6 ਲੱਖ ਕਰੋੜ ਰੁਪਏ ਤੋਂ ਵੱਧ ਦਾ ਖਰਚਾ ਕਰਦਾ ਹੈ। ਫਰਟੀਲਾਈਜ਼ਰ ਦੇ ਆਯਾਤ 'ਤੇ ਹਰ ਵਰ੍ਹੇ ਸਵਾ ਦੋ ਲੱਖ ਕਰੋੜ ਰੁਪਏ ਖਰਚ ਹੁੰਦੇ ਹਨ। ਪੈਟਰੋਲੀਅਮ ਆਯਾਤ 'ਤੇ ਹਰ ਵਰ੍ਹੇ 11 ਲੱਖ ਕਰੋੜ ਰੁਪਏ ਖਰਚ ਹੁੰਦੇ ਹਨ। ਯਾਨੀ ਹਰ ਵਰ੍ਹੇ ਲੱਖਾਂ ਕਰੋੜ ਰੁਪਏ ਦੇਸ਼ ਤੋਂ ਬਾਹਰ ਜਾ ਰਹੇ ਹਨ। ਵਿਦੇਸ਼ੀ ਜਹਾਜ਼ਾਂ ਨੂੰ 6 ਲੱਖ ਕਰੋੜ ਰੁਪਏ ਨਾ ਦੇਣੇ ਪੈਣ ਇਸ ਲਈ ਅੱਜ ਕੇਂਦਰ ਸਰਕਾਰ ਭਾਰਤੀ ਸ਼ਿਪਿੰਗ ਅਤੇ ਪੋਰਟ ਇਨਫ੍ਰਾਸਟ੍ਰਕਚਰ ਨੂੰ ਮਜ਼ਬੂਤ ਕਰ ਰਹੀ ਹੈ। ਫਰਟੀਲਾਈਜ਼ਰ ਦਾ ਘਰੇਲੂ ਉਤਪਾਦਨ 'ਤੇ ਨਿਰਭਰਤਾ ਘੱਟ ਕਰਨ ਦੇ ਲਈ ਈਥੈਨੌਲ ਬਲੈਂਡਿੰਗ, ਗ੍ਰੀਨ ਹਾਈਡ੍ਰੋਜਨ ਮਿਸ਼ਨ, ਸੋਲਰ ਅਤੇ ਇਲੈਕਟ੍ਰਿਕ ਮੋਬਿਲਿਟੀ ਨੂੰ ਤਰਜੀਹ ਦਿੱਤੀ ਜਾ ਰਹੀ ਹੈ।


"ਅਸੀਂ ਮੈਨੂਫੈਕਚਰਿੰਗ 'ਤੇ ਕੰਮ ਕੀਤਾ, ਮੇਕ ਇਨ ਇੰਡੀਆ 'ਤੇ ਜ਼ੋਰ ਦਿੱਤਾ, ਆਪਣੇ ਬੈਂਕਿੰਗ ਸਿਸਟਮ ਨੂੰ ਮਜ਼ਬੂਤ ਕੀਤਾ, ਮਹਿੰਗਾਈ ਨੂੰ ਕੰਟਰੋਲ ਕੀਤਾ ਅਤੇ ਭਾਰਤ ਨੂੰ ਦੁਨੀਆ ਦਾ ਗ੍ਰੋਥ ਇੰਜਣ ਬਣਾਇਆ। ਭਾਰਤ ਦੀ ਇਹੋ ਸਮਰੱਥਾ ਹੈ ਕਿ ਦੁਨੀਆ ਦੇ ਵਿਕਸਿਤ ਦੇਸ਼ ਸਾਹਮਣੇ ਤੋਂ ਭਾਰਤ ਦੇ ਨਾਲ ਟ੍ਰੇਡ ਡੀਲ ਕਰਨ ਦੇ ਲਈ ਖੁਦ ਅੱਗੇ ਆ ਰਹੇ ਹਨ।

**- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

# ਸਿਹਤਮੰਦ ਭਾਰਤ ਦੀ ਮਜ਼ਬੂਤ ਨੀਂਹ

ਕੇਂਦਰ ਸਰਕਾਰ ਨੇ ਇਤਿਹਾਸਕ ਫੈਸਲੇ ਦੇ ਤਹਿਤ ਰਾਜਸਥਾਨ ਦੇ ਅਜਮੇਰ ਤੋਂ ਰਾਸ਼ਟਰਵਿਆਪੀ ਹਿਊਮਨ ਪੇਪਿਲੋਮਾ ਵਾਇਰਸ (ਐੱਚਪੀਵੀ) ਟੀਕਾਕਰਣ ਅਭਿਆਨ ਦੀ ਸ਼ੁਰੂਆਤ ਕੀਤੀ ਹੈ ਤਾਂ ਜੋ ਮਹਿਲਾਵਾਂ ਨੂੰ ਬੱਚੇਦਾਨੀ ਦੇ ਮੂੰਹ ਦੇ ਕੈਂਸਰ ਤੋਂ ਬਚਾਇਆ ਜਾ ਸਕੇ। ਹਾਲੇ ਤੱਕ ਸਰਕਾਰ 12 ਤਰ੍ਹਾਂ ਦੀਆਂ ਬਿਮਾਰੀਆਂ ਤੋਂ ਬਚਾਅ ਦੇ ਲਈ ਟੀਕਾਕਰਣ ਅਭਿਆਨ ਚਲਾ ਰਹੀ ਹੈ। ਇਸ ਦਾ ਨਤੀਜਾ ਇਹ ਹੋਇਆ ਹੈ ਕਿ ਵਿਸ਼ਵਵਿਆਪੀ ਟੀਕਾਕਰਣ 99% ਤੱਕ ਪਹੁੰਚ ਗਿਆ ਹੈ। ਆਓ, ਰਾਸ਼ਟਰੀ ਟੀਕਾਕਰਣ ਦਿਵਸ (16 ਮਾਰਚ) ਬਾਰੇ ਸਮਝਦੇ ਹਾਂ ਕਿ ਕਿਵੇਂ ਟੀਕਾਕਰਣ ਨੇ ਬੱਚਿਆਂ ਅਤੇ ਮਾਤਾਵਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਂਦੇ ਹੋਏ ਜਨਤਕ ਸਿਹਤ ਨੂੰ ਦਿੱਤਾ ਹੈ ਮਜ਼ਬੂਤ ਅਧਾਰ ...




ਭਾਰਤ ਸਰਕਾਰ ਨੇ 28 ਫਰਵਰੀ, 2026 ਨੂੰ ਤਿੰਨ ਮਹੀਨੇ ਦਾ ਰਾਸ਼ਟਰਵਿਆਪੀ ਐੱਚਪੀਵੀ ਟੀਕਾਕਰਣ ਪ੍ਰੋਗਰਾਮ ਸ਼ੁਰੂ ਕੀਤਾ ਹੈ। ਹੁਣ ਕੇਂਦਰ, ਰਾਜ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀ ਸਰਕਾਰ ਦੇ ਸਹਿਯੋਗ ਨਾਲ ਦੇਸ਼ ਭਰ ਦੇ ਸਾਰੇ ਸਰਕਾਰੀ ਪ੍ਰਾਇਮਰੀ ਅਤੇ ਕਮਿਊਨਿਟੀ ਹੈਲਥ ਸੈਂਟਰ, ਜ਼ਿਲ੍ਹਾ ਅਤੇ ਉਪ- ਜ਼ਿਲ੍ਹਾ ਹਸਪਤਾਲ ਅਤੇ ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲਾਂ ਵਿੱਚ 14 ਵਰ੍ਹਿਆਂ ਦੀਆਂ ਬਾਲੜੀਆਂ ਨੂੰ ਇਹ ਟੀਕਾ ਮੁਫ਼ਤ ਵਿੱਚ ਲਗਾਇਆ ਜਾਵੇਗਾ। ਅਭਿਆਨ ਦੀ ਲਾਂਚ ਦੀ ਮਿਤੀ ਤੋਂ 90 ਦਿਨਾਂ ਦੇ ਅੰਦਰ 15 ਵਰ੍ਹਿਆਂ ਦੀਆਂ ਹੋਣ ਵਾਲੀਆਂ ਲੜਕੀਆਂ ਵੀ ਇਸ ਤਿੰਨ ਮਹੀਨੇ ਦੇ ਵਿਸ਼ੇਸ਼ ਐੱਚਪੀਵੀ ਟੀਕਾਕਰਣ ਅਭਿਆਨ ਦੇ ਦੌਰਾਨ ਟੀਕਾ ਲਗਵਾਉਣ ਦੇ ਲਈ ਯੋਗ ਹੋਣਗੀਆਂ।

ਲਗਭਗ ਇੱਕ ਕਰੋੜ 15 ਲੱਖ ਬਾਲੜੀਆਂ ਮੌਜੂਦਾ ਸਮੇਂ ਇਸ ਟੀਕੇ ਦੇ ਲਈ ਯੋਗ ਹਨ। ਵੱਧ ਤੋਂ ਵੱਧ ਕਵਰੇਜ ਨੂੰ ਯਕੀਨੀ ਬਣਾਉਣ ਦੇ ਲਈ 90 ਦਿਨਾਂ ਦਾ ਟੀਕਾਕਰਣ ਅਭਿਆਨ ਹਰ ਰੋਜ਼ ਚਲਾਇਆ ਜਾਵੇਗਾ ਅਤੇ ਇਸ ਤੋਂ ਬਾਅਦ ਨਿਯਮਿਤ ਟੀਕਾਕਰਣ ਦਿਵਸਾਂ 'ਤੇ ਵੀ ਇਹ ਉਪਲਬਧ ਰਹੇਗਾ। ਇਹ ਰਾਸ਼ਟਰਵਿਆਪੀ ਐੱਚਪੀਵੀ ਟੀਕਾਕਰਣ ਅਭਿਆਨ ਭਾਰਤ ਦੀਆਂ ਮਹਿਲਾਵਾਂ ਨੂੰ ਮਜ਼ਬੂਤ ਬਣਾਉਣ ਅਤੇ ਦੇਸ਼ ਭਰ ਵਿੱਚ ਮਾਤਾਵਾਂ ਅਤੇ ਬੇਟੀਆਂ

**ਹਰ ਵਰ੍ਹੇ, ਯੂਆਈਪੀ ਦੇ ਤਹਿਤ 2.6 ਕਰੋੜ ਨਵਜੰਮੇ ਬੱਚਿਆਂ ਅਤੇ 2.9 ਕਰੋੜ ਗਰਭਵਤੀ ਮਹਿਲਾਵਾਂ ਨੂੰ ਲਗਦਾ ਹੈ ਟੀਕਾ। ਟੀਚਾ ਇਹ ਯਕੀਨੀ ਬਣਾਉਣਾ ਹੈ ਕਿ ਹਰੇਕ ਬੱਚੇ ਦਾ ਉਸ ਦੇ ਜੀਵਨ ਦੇ ਪਹਿਲੇ ਵਰ੍ਹੇ ਵਿੱਚ ਪੂਰੀ ਤਰ੍ਹਾਂ ਨਾਲ ਟੀਕਾਕਰਣ ਕੀਤਾ ਜਾਵੇ।**

ਦੀ ਸਿਹਤ ਦੀ ਰੱਖਿਆ ਕਰਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਇਸ ਇਤਿਹਾਸਕ ਅਭਿਆਨ ਦੇ ਨਾਲ, ਭਾਰਤ ਐੱਚਪੀਵੀ ਟੀਕਾਕਰਣ ਪ੍ਰੋਗਰਾਮ ਚਲਾਉਣ ਵਾਲੇ 160 ਤੋਂ ਵੱਧ ਦੇਸ਼ਾਂ ਵਿੱਚ ਸ਼ਾਮਲ ਹੋ ਗਿਆ ਹੈ।

ਰਾਸ਼ਟਰੀ ਟੀਕਾਕਰਣ ਅਭਿਆਨ ਨਾਲ ਨਾ ਸਿਰਫ਼ ਬੱਚੇ ਅਤੇ ਮਾਤਾਵਾਂ ਸੁਰੱਖਿਅਤ ਹੋ ਰਹੀਆਂ ਹਨ ਸਗੋਂ ਇਸ ਨਾਲ ਸਿਹਤਮੰਦ ਭਾਰਤ ਦੀ ਵੀ ਨੀਂਹ ਰੱਖੀ ਜਾ ਰਹੀ ਹੈ। ਇਸ ਨੀਂਹ ਨੂੰ ਮਜ਼ਬੂਤ ਕਰਨ ਵਿੱਚ ਸੰਪੂਰਨ ਟੀਕਾਕਰਣ ਕਵਰੇਜ ਦੇ ਲਈ ਵਰ੍ਹੇ 2014 ਵਿੱਚ ਸ਼ੁਰੂ ਕੀਤੀ ਗਈ ਮਿਸ਼ਨ ਇੰਦ੍ਰਧਨੁਸ਼ ਦੀ ਵੱਡੀ ਭੂਮਿਕਾ ਹੈ। ਕਰੀਬ 99 ਫੀਸਦੀ ਟੀਕਾਕਰਣ ਦੇ ਟੀਚੇ ਨੂੰ ਹਾਸਲ ਕਰਨ ਵਿੱਚ ਏਆਈ ਜਿਹੀ ਤਕਨਾਲੋਜੀ ਨੇ ਕਾਫੀ ਮਦਦ ਕੀਤੀ ਹੈ। ਤਕਨਾਲੋਜੀ



ਦੁਨੀਆ ਭਰ ਵਿੱਚ ਸਰਵਾਈਕਲ ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਵਿੱਚ 25 ਫੀਸਦੀ ਮੌਤਾਂ ਭਾਰਤ ਵਿੱਚ ਹੁੰਦੀਆਂ ਹਨ। ਭਾਰਤ ਵਿੱਚ ਸਰਵਾਈਕਲ ਕੈਂਸਰ ਮਹਿਲਾਵਾਂ ਵਿੱਚ ਦੂਜਾ ਸਭ ਤੋਂ ਆਮ ਕੈਂਸਰ ਹੈ, ਜਿਸ ਵਿੱਚ ਹਰ ਵਰ੍ਹੇ ਲਗਭਗ 80 ਹਜ਼ਾਰ ਨਵੇਂ ਮਾਮਲੇ ਆਉਂਦੇ ਹਨ ਅਤੇ 42 ਹਜ਼ਾਰ ਤੋਂ ਵੱਧ ਮਹਿਲਾਵਾਂ ਦੀ ਮੌਤ ਹੋ ਜਾਂਦੀ ਹੈ।

“

'ਨਾਰੀ ਸ਼ਕਤੀ' ਨੂੰ ਮਜ਼ਬੂਤ ਬਣਾਉਣ ਅਤੇ ਮਾਤਾਵਾਂ ਅਤੇ ਬੇਟੀਆਂ ਦੀ ਸਿਹਤ ਨੂੰ ਬਿਹਤਰ ਕਰਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਜਦੋਂ ਪਰਿਵਾਰ ਵਿੱਚ ਮਾਂ ਬੀਮਾਰ ਪੈਂਦੀ ਹੈ ਤਾਂ ਘਰ ਬਿਖਰ ਜਾਂਦਾ ਹੈ। ਮਾਂ ਤੰਦਰੁਸਤ ਰਹਿੰਦੀ ਹੈ, ਤਾਂ ਪਰਿਵਾਰ ਹਰ ਸੰਕਟ ਦਾ ਸਾਹਮਣਾ ਕਰਨ ਵਿੱਚ ਸਮਰੱਥ ਰਹਿੰਦਾ ਹੈ। ਇਸੇ ਭਾਵਨਾ ਦੇ ਨਾਲ ਸਰਕਾਰ ਨੇ ਮਹਿਲਾਵਾਂ ਨੂੰ ਸਹਾਇਤਾ ਪ੍ਰਦਾਨ ਕਰਨ ਦੇ ਲਈ ਕਈ ਯੋਜਨਾਵਾਂ ਚਲਾਈਆਂ ਹਨ।

**- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

## ਦੇਸ਼ ਵਿੱਚ ਪਿਛਲੇ ਪੰਜ ਵਰ੍ਹਿਆਂ ਦੇ ਦੌਰਾਨ ਟੀਕਾਕਰਣ ਅਭਿਆਨ ਅਤੇ ਸਿਹਤ ਜਾਗਰੂਕਤਾ ਪ੍ਰੋਗਰਾਮ ਨੂੰ ਹੋਰ ਜ਼ਿਆਦਾ ਪ੍ਰਭਾਵਸ਼ਾਲੀ ਬਣਾਉਣ ਦੇ ਲਈ ਸਰਕਾਰ ਦੁਆਰਾ ਕੀਤੇ ਗਏ ਯਤਨ ...

- ਰਾਜ, ਜ਼ਿਲ੍ਹਾ ਤੇ ਬਲਾਕ ਟੀਕਾਕਰਣ ਕਾਰਜਬਲ ਨਿਯਮਿਤ ਤੌਰ 'ਤੇ ਚਲਾਏ ਜਾਣ ਵਾਲੇ ਟੀਕਾਕਰਣ ਅਭਿਆਨਾਂ ਦੇ ਪ੍ਰਭਾਵਸ਼ਾਲੀ ਲਾਗੂਕਰਨ ਨੂੰ ਯਕੀਨੀ ਬਣਾਉਂਦੇ ਹਨ।
- ਟੀਕਾਕਰਣ ਕਵਰੇਜ ਵਿੱਚ ਸੁਧਾਰ ਦੇ ਉਪਾਵਾਂ ਦੇ ਰੂਪ ਵਿੱਚ ਜਾਗਰੂਕਤਾ, ਸਮਾਜਿਕ ਲਾਮਬੰਦੀ, ਪਰਿਵਾਰਕ ਪੱਧਰ 'ਤੇ ਆਪਸੀ ਗੱਲਬਾਤ ਅਤੇ ਮੀਡੀਆ ਸ਼ਮੂਲੀਅਤ ਜਿਹੀਆਂ ਰਣਨੀਤਕ ਗਤੀਵਿਧੀਆਂ ਕੀਤੀਆਂ ਜਾਂਦੀਆ ਹਨ।
- ਵਿਆਪਕ ਟੀਕਾਕਰਣ ਪ੍ਰੋਗਰਾਮ ਦੇ ਤਹਿਤ ਵਿਸ਼ੇਸ਼ ਕੈਚ-ਅੱਪ ਟੀਕਾਕਰਣ ਅਭਿਆਨ, ਇੰਟੈਂਸੀਫਾਇਡ ਮਿਸ਼ਨ ਇੰਦ੍ਰਧਨੁਸ਼, ਘੱਟ ਟੀਕਾਕਰਣ ਕਵਰੇਜ ਵਾਲੇ ਖੇਤਰਾਂ ਵਿੱਚ ਰਹਿ ਗਏ ਬੱਚਿਆਂ ਅਤੇ ਗਰਭਵਤੀ ਮਹਿਲਾਵਾਂ ਦਾ ਟੀਕਾਕਰਣ ਕਰਨ ਲਈ ਚਲਾਇਆ ਗਿਆ।
- ਪਲਸ ਪੋਲੀਓ ਪ੍ਰੋਗਰਾਮ ਦੇ ਇੱਕ ਹਿੱਸੇ ਦੇ ਰੂਪ ਵਿੱਚ ਰਾਸ਼ਟਰੀ ਟੀਕਾਕਰਣ ਦਿਵਸ (ਐੱਨਆਈ) ਜਿਹੇ ਵਿਸ਼ੇਸ਼ ਟੀਕਾਕਰਣ ਅਭਿਆਨ ਹਰ ਵਰ੍ਹੇ ਚਲਾਏ ਜਾਂਦੇ ਹਨ।
- ਟੀਕਾਕਰਣ ਗਤੀਵਿਧੀਆਂ ਦੇ ਲਈ ਨਿਰਧਾਰਿਤ ਦਿਨਾਂ 'ਤੇ ਗ੍ਰਾਮੀਣ ਸਿਹਤ ਅਤੇ ਪੋਸ਼ਣ ਦਿਵਸ (ਵੀਐੱਚਐੱਨਡੀ) ਦਾ ਆਯੋਜਨ ਕੀਤਾ ਜਾਂਦਾ ਹੈ।
- ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਨੇ ਬੱਚਿਆਂ ਅਤੇ ਗਰਭਵਤੀ ਮਹਿਲਾਵਾਂ ਦੇ ਸਾਰੇ ਟੀਕਾਕਰਣ ਪ੍ਰੋਗਰਾਮਾਂ ਦੇ ਡਿਜੀਟਲ ਰਜਿਸਟ੍ਰੇਸ਼ਨ ਅਤੇ ਰਿਕਾਰਡਿੰਗ ਦੇ ਲਈ ਯੂ-ਵਿਨ ਪੋਰਟ ਲਾਂਚ ਕੀਤਾ ਗਿਆ ਹੈ।


ਕਿੰਨੀ ਪ੍ਰਭਾਵਸ਼ਾਲੀ ਰਹੀ ਹੈ ਇਸ ਦਾ ਅੰਦਾਜ਼ਾ ਇਨ੍ਹਾਂ ਅੰਕੜਿਆਂ ਤੋਂ ਲਗਾਇਆ ਜਾ ਸਕਦਾ ਹੈ ਕਿ 8 ਫਰਵਰੀ 2026 ਤੱਕ ਯੂ-ਵਿਨ ਪੋਰਟਲ 'ਤੇ 11.12 ਕਰੋੜ ਤੋਂ ਵੱਧ ਬੱਚੇ ਅਤੇ 3.78 ਕਰੋੜ ਗਰਭਵਤੀ ਮਹਿਲਾਵਾਂ ਰਜਿਸਟਰਡ ਹਨ।

ਹੁਣ 13 ਤਰ੍ਹਾਂ ਦੀਆਂ ਬਿਮਾਰੀਆਂ ਤੋਂ ਬਚਾਅ ਦੇ ਲਈ ਦੇਸ਼ ਵਿੱਚ ਟੀਕਾਕਰਣ ਅਭਿਆਨ ਚਲਾਇਆ ਜਾ ਰਿਹਾ ਹੈ। ਰਾਸ਼ਟਰੀ ਪੱਧਰ 'ਤੇ 12 ਬਿਮਾਰੀਆਂ ਦੇ ਵਿਰੁੱਧ ਜਿਸ ਵਿੱਚ ਸਰਵਾਈਕਲ ਕੈਂਸਰ, ਡਿਪਥੀਰੀਆ, ਪਰਟੁਸਿਸ, ਟੈੱਟਨਸ, ਪੋਲੀਓ, ਖਸਰਾ, ਰੁਬੇਲਾ, ਬਾਲ ਅਵਸਥਾ ਦੀ ਗੰਭੀਰ ਟੀਬੀ, ਰੋਟਾਵਾਇਰਸ ਡਾਇਰੀਆ, ਹੈਪੇਟਾਈਟਸ ਬੀ, ਮੈਨਿਨਜਾਇਟਿਸ ਅਤੇ ਹੇਮੋਫਿਲਜ਼ ਇਨਫਲੁਐਂਜ਼ਾ ਟਾਈਪ ਬੀ ਅਤੇ ਨਿਉਮੋਕੋਕਲ ਦੇ ਕਾਰਨ ਹੋਣ ਵਾਲਾ ਨਮੋਨੀਆ ਸ਼ਾਮਲ ਹਨ। ਉੱਥੇ ਹੀ ਜਾਪਾਨੀ ਐਂਸੇਫਲਾਇਟਿਸ (ਜੇਈ) ਦੇ ਵਿਰੁੱਧ ਉਨ੍ਹਾਂ ਜ਼ਿਲ੍ਹਿਆਂ ਵਿੱਚ ਟੀਕਾਕਰਣ ਅਭਿਆਨ ਚਲਾਏ ਜਾ ਰਹੇ ਹਨ ਜੋ ਜ਼ਿਲ੍ਹੇ ਇਸ ਬਿਮਾਰੀ ਤੋਂ ਪ੍ਰਭਾਵਿਤ ਹਨ।



# ਆਰਟੀਫਿਸ਼ੀਅਲ ਇੰਟੈਲੀਜੈਂਸ ਦਾ ਗਲੋਬਲ ਹੱਬ ਬਣਦਾ

# ਭਾਰਤ



AI IMPACT SUMMIT भारत 2026 INDIA

ਕਵਰ ਸਟੋਰੀ

ਜਦੋਂ ਭਾਰਤ ਅੱਗੇ ਵਧਦਾ ਹੈ, ਤਾਂ ਦੁਨੀਆ ਵੀ ਅੱਗੇ ਵਧਦੀ ਹੈ। ਇਸੇ ਸੋਚ ਦੇ ਨਾਲ ਭਾਰਤ ਨੇ ਦੁਨੀਆ ਦੇ ਸਾਹਮਣੇ "सर्वजन हिताय, सर्वजन सुखाय' ਦੇ ਮੰਤਰ ਨੂੰ ਅਪਣਾਉਂਦੇ ਹੋਏ ਆਰਟੀਫਿਸ਼ੀਅਲ ਇੰਟੈਲੀਜੈਂਸ (ਏਆਈ) ਦੇ ਖੇਤਰ ਵਿੱਚ ਮਨੁੱਖੀ ਅਤੇ ਸਮਾਵੇਸ਼ੀ ਲੀਡਰਸ਼ਿਪ ਦਾ ਪ੍ਰਦਰਸ਼ਨ ਕੀਤਾ ਹੈ। ਇੰਡੀਆ-ਸਟੈਕ ਇੰਪੈਕਟ ਸਮਿਟ 2026 ਵਿੱਚ 'ਮਾਨਵ' ਵਿਜ਼ਨ ਦੇ ਮਾਧਿਅਮ ਨਾਲ ਭਾਰਤ ਨੇ ਦਿਖਾਇਆ ਕਿ ਨਵੀਂ ਤਕਨੀਕ ਦੀ ਵਰਤੋਂ ਮਨੁੱਖਤਾ ਦੀ ਭਲਾਈ ਦੇ ਲਈ ਕਿਵੇਂ ਕੀਤੀ ਜਾ ਸਕਦੀ ਹੈ। ਇਹ ਗਲੋਬਲ ਸਮਿਟ ਇਸ ਗੱਲ ਦਾ ਪ੍ਰਮਾਣ ਹੈ ਕਿ ਭਾਰਤ ਕੋਲ ਏਆਈ ਕ੍ਰਾਂਤੀ ਦੀ ਅਗਵਾਈ ਕਰਨ ਦੀ ਸ਼ਕਤੀ ਵੀ ਹੈ ਅਤੇ ਸਮਰੱਥਾ ਵੀ ...

**ਪ੍ਰਧਾਨ ਮੰਤਰੀ ਨਰੇਂਦਰ ਮੋਦੀ ਜਦੋਂ ਏਆਈ ਇੰਪੈਕਟ ਸਮਿਟ ਵਿੱਚ ਆਪਣੇ ਸੰਬੋਧਨ ਦੇ ਰਹੇ ਸਨ, ਤਾਂ ਰੀਅਲ ਟਾਈਮ 'ਤੇ ਏਆਈ ਟੂਲ ਦਾ ਗੂੰਗੇ-ਬੋਲਿਆਂ ਲਈ (ਡੈੱਫ ਐਂਡ ਹਾਰਡ-ਆਫ- ਹਿਅਰਿੰਗ) ਜੈਨਰੇਟਿਡ ਵੀਡੀਓ ਰਾਹੀਂ ਸੰਕੇਤਕ ਭਾਸ਼ਾ ਵਿੱਚ ਉਨ੍ਹਾਂ ਦਾ ਇਹ ਭਾਸ਼ਣ ਸ਼ਬਦ ਰੂਪ: ਵਿੱਚ ਪਹੁੰਚ ਰਿਹਾ ਸੀ।**

---

**ਨਿਆਂਪਾਲਿਕਾ ਦੇ ਲਈ ਜੈਨਰੇਟਿਵ ਏਆਈ ਅਧਾਰਿਤ ਲੀਗਲ ਰਿਸਰਚ ਐਨਾਲਿਟਿਕਸ ਟੂਲ ਵਿਕਸਿਤ ਕੀਤਾ ਗਿਆ ਹੈ। ਇਸ ਟੂਲ ਵਿੱਚ ਏਆਈ ਬੋਟ, ਪਾਇਲਟ ਮੋਡ ਵਿੱਚ, 1950 ਤੋਂ ਬਾਅਦ ਸੁਪਰੀਮ ਕੋਰਟ ਦੇ ਸਵਾਲਾਂ ਜਾਂ ਫੈਸਲਿਆਂ ਦੇ ਜਵਾਬ ਪ੍ਰਦਾਨ ਕਰਦਾ ਹੈ।**

---

**ਏਆਈ ਵਿਹੰਗਮ ਦ੍ਰਿਸ਼ਟੀ ਇੱਕ ਸੈਟੇਲਾਈਟ ਅਤੇ ਐਰੀਅਲ ਇਮੇਜ਼ਰੀ ਸੇਵਾ ਹੈ ਜੋ ਖੇਤਰ ਦਾ ਅਨੁਮਾਨ ਲਗਾ ਕੇ ਯੋਜਨਾ ਬਣਾ ਸਕਦੀ ਹੈ। ਇਸ ਸੇਵਾ ਦੀ ਵਰਤੋਂ 30 ਹਜ਼ਾਰ ਪਿੰਡਾਂ ਦੇ ਲਈ ਕੰਕ੍ਰੀਟ ਦੀਆਂ ਛੱਤਾਂ ਦੀ ਪਛਾਣ ਕਰਨ ਅਤੇ ਸੋਲਰ ਪੈਨਲ ਦੇ ਲਈ ਖੇਤਰ ਦਾ ਅਨੁਮਾਨ ਲਗਾਉਣ ਵਿੱਚ ਕੀਤਾ ਗਿਆ।**

---

**ਗ੍ਰਾਮ ਸਭਾ ਅਤੇ ਗ੍ਰਾਮ ਪੰਚਾਇਤ ਦੀ ਬੈਠਕ ਹੋ ਰਹੀ ਹੈ। ਉੱਥੇ ਜੋ ਕੁਝ ਬੋਲਿਆ ਜਾ ਰਿਹਾ ਹੈ ਜਾਂ ਜੋ ਵੀਡੀਓ ਬਣਾਏ ਗਏ ਹਨ, ਉਨ੍ਹਾਂ ਦੇ ਇਨਪੁਟਸ ਨਾਲ ਮਿੰਟਾਂ ਸਮੇਤ ਪੂਰੀ ਜਾਣਕਾਰੀ ਇੱਕ ਸਾਰ ਦੇ ਰੂਪ ਵਿੱਚ ਏਆਈ ਨਾਲ ਜੁੜਿਆ ਐਪ 'ਸਭਾਸਾਰ' 14 ਭਾਸ਼ਾਵਾਂ ਵਿੱਚ ਪੇਸ਼ ਕਰਦਾ ਹੈ।**

---

**ਦੇਸ਼ ਵਿੱਚ ਕਿਤੇ ਚਕ੍ਰਵਾਤ ਜਾਂ ਆਫਤ ਆਵੇ ਤਾਂ ਆਈਆਈਟੀ ਮੁੰਬਈ ਦੁਆਰਾ ਵਿਕਸਿਤ ਸਪੈਸ਼ਲੀ ਅਵੇਅਰ ਡੋਮੇਨ ਅਡੌਪਸ਼ਨ ਮਾਡਲ ਹਵਾਈ ਤਸਵੀਰਾਂ ਰਾਹੀਂ ਨੁਕਸਾਨ ਦਾ ਸਹੀ ਅੰਦਾਜ਼ਾ ਲਗਾ ਲੈਂਦਾ ਹੈ। ਘੱਟ ਡੇਟਾ ਹੋਣ ਦੀ ਹਾਲਤ ਵਿੱਚ ਵੀ ਸਹੀ ਨਤੀਜੇ ਦੇ ਸਕਦਾ ਹੈ, ਜਿਸ ਨਾਲ ਆਫਤ ਦੇ ਸਮੇਂ ਵਿੱਚ ਤੇਜ਼ੀ ਨਾਲ ਅਤੇ ਭਰੋਸੇਮੰਦ ਢੰਗ ਨਾਲ ਮਦਦ ਪਹੁੰਚਾਈ ਜਾ ਸਕਦੀ ਹੈ।**

ਕਵਰ ਸਟੋਰੀ



ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

ਭਾਰਤ ਵਿੱਚ ਏਆਈ ਦੇ ਇਹ ਸਮਾਧਾਨ ਦਰਸਾਉਂਦੇ ਹਨ ਕਿ ਅੱਜ ਨਿਆਂਪਾਲਿਕਾ ਨਾਲ ਭਾਸ਼ਾ ਦੀ ਸੁਵਿਧਾ ਤੱਕ, ਆਫਤ ਤੋਂ ਲੈ ਕੇ ਲਿਖਣ-ਪੜ੍ਹਣ ਤੱਕ, ਕਿਸਾਨ ਤੋਂ ਲੈ ਕੇ ਡਾਕਟਰ ਤੱਕ, ਵਿਦਿਆਰਥੀ ਤੋਂ ਲੈ ਕੇ ਸਟਾਰਟਅੱਪ ਤੱਕ, ਮਹਿਲਾ ਤੋਂ ਲੈ ਕੇ ਨੌਜਵਾਨ ਤੱਕ ਸਾਰੇ ਸੈਕਟਰਾਂ ਵਿੱਚ ਆਰਟੀਫਿਸ਼ੀਅਲ ਇੰਟੈਲੀਜੈਂਸ (ਏਆਈ) ਪਹੁੰਚ ਰਹੀ ਹੈ। ਭਾਰਤ ਏਆਈ ਸੁਪਰ ਪਾਵਰ ਬਣਨ ਦੀ ਦਿਸ਼ਾ ਵਿੱਚ ਤੇਜ਼ ਗਤੀ ਨਾਲ ਅੱਗੇ ਵਧ ਰਹੀ ਹੈ। ਦੁਨੀਆ ਦੀ ਸਭ ਤੋਂ ਵੱਡੀ ਤਕਨੀਕ ਕ੍ਰਾਂਤੀ- ਆਰਟੀਫਿਸ਼ੀਅਲ ਇੰਟੈਲੀਜੈਂਸ (ਏਆਈ) ਹੁਣ ਭਾਰਤ ਤੋਂ ਨਿਰਦੇਸ਼ਿਤ ਹੋਣ ਵਾਲੀ ਹੈ, ਜੋ ਸਿਰਫ਼ ਇੱਕ ਤਕਨੀਕ ਨਹੀਂ ਸਗੋਂ ਬਣ ਚੁੱਕਿਆ ਹੈ ਭਾਰਤ ਦੀ ਆਰਥਿਕ ਤਾਕਤ ਦਾ ਨਵਾਂ ਇੰਜਣ। ਭਾਰਤ ਵਿੱਚ ਏਆਈ ਦੀ ਵਰਤੋਂ ਦੁਨੀਆ ਦੇ ਹੋਰ ਦੇਸ਼ਾਂ ਤੋਂ ਬਿਲਕੁਲ ਵੱਖਰੀ ਹੈ। ਦੁਨੀਆ ਜਿੱਥੇ ਆਪਣੀ ਤਾਕਤ ਵਧਾਉਣ ਦੇ ਉਦੇਸ਼ ਨਾਲ ਏਆਈ ਤਕਨੀਕ ਵਿੱਚ ਨਿਵੇਸ਼ ਕਰਦੀ ਹੈ, ਉੱਥੇ ਹੀ ਭਾਰਤ 'ਸਬਕਾ ਸਾਥ- ਸਬਕਾ ਵਿਕਾਸ' ਦੇ ਵਿਜ਼ਨ 'ਤੇ ਕੰਮ ਕਰਦੇ ਹੋਏ ਸਮਾਜ ਦੇ ਅੰਤਿਮ ਸਿਰੇ 'ਤੇ ਖੜ੍ਹੇ ਵਿਅਕਤੀ ਅਤੇ ਸੰਪੂਰਨ ਮਨੁੱਖਤਾ ਨੂੰ ਲਾਹੇਵੰਦ ਬਣਾਉਣ ਦੇ ਉਦੇਸ਼ ਨਾਲ ਤਕਨੀਕ ਦੇ ਵਿਕਾਸ ਦੇ ਕੰਮ ਵਿੱਚ ਲੱਗਿਆ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਵਿਜ਼ਨ ਸਾਫ ਹੈ ਕਿ ਤਕਨੀਕ ਸਿਰਫ਼ ਵਿਸ਼ੇਸ਼ ਵਰਗ ਦੇ ਲਈ ਨਹੀਂ, ਸਗੋਂ ਹਰ ਨੌਜਵਾਨ, ਹਰ ਕਿਸਾਨ, ਹਰ ਉੱਦਮੀ, ਹਰ ਵਿਦਿਆਰਥੀ ਦੇ ਲਈ ਹੋਵੇ, ਇਸ ਲਈ ਭਾਰਤੀ ਏਆਈ ਹੈ ਏਆਈ ਫਾਰ ਆਲ ਯਾਨੀ ਏਆਈ ਵਰਗੀ ਤਕਨੀਕ ਸਾਰਿਆਂ ਦੇ ਲਈ।

ਭਾਰਤ ਆਪਣੀ ਵਿਕਾਸ ਯਾਤਰਾ ਦੇ ਇੱਕ ਮਹੱਤਵਪੂਰਨ ਪੜਾਅ ਵਿੱਚ ਹੈ। ਏਆਈ ਇਸ ਵਿਕਾਸ ਦੇ ਇੱਕ ਮਹੱਤਵਪੂਰਨ ਸਹਾਇਕ ਦੇ ਰੂਪ ਵਿੱਚ ਉਭਰ ਰਹੀ ਹੈ। ਭਾਰਤ ਵਿੱਚ ਇਸ ਸਮੇਂ 60 ਲੱਖ ਤੋਂ ਵੱਧ ਟੈੱਕ ਅਤੇ ਏਆਈ ਪ੍ਰੋਫੈਸ਼ਨਲਜ਼ ਕੰਮ ਕਰ ਰਹੇ ਹਨ। 1800 ਤੋਂ ਵੱਧ ਗਲੋਬਲ ਕੈਪੇਬਿਲਿਟੀ ਸੈਂਟਰਾਂ ਵਿੱਚੋਂ 500 ਤੋਂ ਜ਼ਿਆਦਾ ਸਿਰਫ਼ ਏਆਈ 'ਤੇ ਫੋਕਸ ਕਰ ਰਹੇ ਹਨ। ਇਸ ਲਈ ਭਾਰਤ ਹੁਣ ਦੁਨੀਆ ਦਾ ਸਭ ਤੋਂ ਵੱਡਾ ਏਆਈ ਟੈਲੰਟ ਹੱਬ ਬਣ ਰਿਹਾ ਹੈ। ਇਸ ਦੀ ਸਭ ਤੋਂ ਵੱਡੀ ਮਿਸਾਲ ਇਹ ਹੈ ਕਿ ਲਗਭਗ 2 ਲੱਖ ਸਟਾਰਟਅੱਪਸ ਵਿੱਚੋਂ 89 ਫੀਸਦੀ ਆਪਣੇ ਸਮਾਧਾਨਾਂ ਵਿੱਚ ਏਆਈ ਦੀ ਵਰਤੋਂ ਕਰ ਰਹੇ ਹਨ। ਨੈੱਸਕੌਮ ਦੇ ਅਨੁਸਾਰ 87 ਫੀਸਦੀ ਭਾਰਤੀ ਐਂਟਰਪ੍ਰਾਈਜ਼ਿਜ ਕੰਪਨੀਆਂ ਏਆਈ ਨੂੰ ਅਪਣਾ ਚੁੱਕੀਆਂ ਹਨ। ਦੇਸ਼ ਦੀ ਕੁੱਲ ਏਆਈ ਕੀਮਤ ਦਾ 60 ਫੀਸਦੀ ਹਿੱਸਾ ਆਟੋਮੋਬਾਈਲ, ਰਿਟੇਲ, ਬੀਐੱਫਐੱਸਆਈ ਅਤੇ ਹੈਲਥਕੇਅਰ ਦੇ ਚਾਰ ਸੈਕਟਰਾਂ ਵਿੱਚ ਹੈ। ਪਰੰਤੂ ਅਸਲੀ ਗੇਮਚੇਂਜਰ ਹੈ –ਇਨਫ੍ਰਾਸਟ੍ਰਕਚਰ। ਏਆਈ ਡੇਟਾ ਸੈਂਟਰਾਂ ਵਿੱਚ ਲਗਭਗ 70 ਬਿਲੀਅਨ ਡਾਲਰ ਦਾ ਨਿਵੇਸ਼ ਜਾਰੀ ਹੈ ਅਤੇ 90 ਬਿਲੀਅਨ ਡਾਲਰ ਦਾ ਵਾਧੂ ਨਿਵੇਸ਼ ਐਲਾਨਿਆ ਜਾ ਚੁੱਕਾ ਹੈ। ਇਹ ਤਾਂ ਸਿਰਫ਼ ਸ਼ੁਰੂਆਤ ਹੈ। ਆਮ ਬਜਟ 2026- 27 ਵਿੱਚ ਏਆਈ ਅਤੇ ਡਿਜੀਟਲ ਇਨਫ੍ਰਾਸਟ੍ਰਕਚਰ ਨੂੰ ਵੱਡਾ ਪ੍ਰੋਤਸਾਹਨ ਮਿਲਿਆ ਹੈ। ਇਸ ਬਜਟ ਵਿੱਚ ਕਲਾਉਡ ਕੰਪਨੀਆਂ ਦੇ ਲਈ 2047 ਯਾਨੀ ਜਦੋਂ ਤੱਕ ਭਾਰਤ ਵਿਕਸਿਤ ਰਾਸ਼ਟਰ ਬਣੇਗਾ, ਓਦੋਂ ਤੱਕ ਦੇ ਲਈ ਟੈਕਸ ਛੂਟ ਪ੍ਰਸਤਾਵਿਤ ਹੈ। ਡੇਟਾ ਸੈਂਟਰ ਪ੍ਰੋਵਾਈਡਰਜ਼ ਦੇ ਲਈ 15 ਫੀਸਦੀ ਸੇਫ ਹਾਰਬਰ ਯਾਨੀ ਕਾਨੂੰਨੀ ਤੌਰ 'ਤੇ ਸੁਰੱਖਿਆ ਦੀ ਵਿਵਸਥਾ ਕੀਤੀ ਗਈ ਹੈ। ਜਿਸ ਦੀ ਸੀਮਾ 300 ਕਰੋੜ ਰੁਪਏ ਤੋਂ ਵਧਾ ਕੇ 2,000

> ਆਰਟੀਫਿਸ਼ੀਅਲ ਇੰਟੈਲੀਜੈਂਸ ਮਨੁੱਖੀ ਇਤਿਹਾਸ ਦਾ ਅਜਿਹਾ ਟ੍ਰਾਂਸਫਾਰਮੇਸ਼ਨ ਹੈ ਜਿਸ ਵਿੱਚ ਅੱਜ ਜੋ ਅਸੀਂ ਦੇਖ ਰਹੇ ਹਾਂ, ਜੋ ਪ੍ਰੀਡਿਕਟ ਕਰ ਰਹੇ ਹਾਂ, ਉਹ ਇਸ ਦੇ ਇੰਪੈਕਟ ਦਾ ਸਿਰਫ਼ ਸ਼ੁਰੂਆਤੀ ਸੰਕੇਤ ਹੈ। ਏਆਈ ਮਸ਼ੀਨਾਂ ਨੂੰ ਇੰਟੈਲੀਜੈਂਟ ਬਣਾ ਰਹੀ ਹੈ, ਪਰ ਉਸ ਤੋਂ ਵੀ ਵੱਧ, ਮਨੁੱਖੀ ਸਮਰੱਥਾ/ ਤਾਕਤ ਨੂੰ ਕਈ ਗੁਣਾ ਵਧਾ ਰਹੀ ਹੈ। ਫਰਕ ਸਿਰਫ ਇੱਕ ਹੈ, ਇਸ ਵਾਰ ਸਪੀਡ ਵੀ ਬੇਮਿਸਾਲ ਹੈ ਅਤੇ ਸਕੇਲ ਵੀ ਅਪ੍ਰਤੱਖ ਹੈ।
>
> **- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**




## ਆਰਟੀਫਿਸ਼ੀਅਲ ਇੰਟੈਲੀਜੈਂਸ (ਏਆਈ) ਕੀ ਹੈ?

ਆਰਟੀਫਿਸ਼ੀਅਲ ਇੰਟੈਲੀਜੈਂਸ (ਏਆਈ) ਉਹ ਤਕਨੀਕ ਹੈ, ਜਿਸ ਦੀ ਸਹਾਇਤਾ ਨਾਲ ਮਸ਼ੀਨਾਂ ਅਜਿਹੇ ਕੰਮ ਕਰ ਸਕਦੀਆਂ ਹਨ ਜੋ ਕਿ ਸਧਾਰਣ ਤੌਰ 'ਤੇ ਇਨਸਾਨੀ ਸਮਝ ਅਤੇ ਸੋਚ ਦੀ ਜ਼ਰੂਰਤ ਰੱਖਦੇ ਹਨ। ਇਹ ਮਸ਼ੀਨਾਂ ਨੂੰ ਅਨੁਭਵ ਤੋਂ ਸਿੱਖਣ, ਨਵੀਆਂ ਸਥਿਤੀਆਂ ਦੇ ਅਨੁਸਾਰ ਖੁਦ ਨੂੰ ਢਾਲਣ ਅਤੇ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਸਮਰੱਥ ਬਣਾਉਂਦੀ ਹੈ। ਏਆਈ ਡੇਟਾ ਅਤੇ ਵਿਸ਼ੇਸ਼ ਕੰਪਿਊਟਰ ਪ੍ਰੋਗਰਾਮ ਦੀ ਮਦਦ ਨਾਲ ਜਾਣਕਾਰੀ ਦਾ ਵਿਸ਼ਲੇਸ਼ਣ ਕਰਦੀ ਹੈ, ਪੈਟਰਨ ਨੂੰ ਪਛਾਣਦੀ ਹੈ ਅਤੇ ਉਸੇ ਅਧਾਰ 'ਤੇ ਜਵਾਬ ਜਾਂ ਫੈਸਲਾ ਦਿੰਦੀ ਹੈ। ਸਮੇਂ ਦੇ ਨਾਲ ਇਹ ਆਪਣੇ ਕੰਮ ਵਿੱਚ ਸੁਧਾਰ ਵੀ ਕਰਦੀ ਜਾਂਦੀ ਹੈ, ਜਿਸ ਨਾਲ ਉਹ ਇਨਸਾਨਾਂ ਦੀ ਤਰ੍ਹਾਂ ਤਰਕ ਕਰਨ, ਫੈਸਲਾ ਲੈਣ ਅਤੇ ਗੱਲਬਾਤ ਕਰਨ ਵਿੱਚ ਵਧੇਰੇ ਸਮਰੱਥ ਹੋ ਜਾਂਦੀ ਹੈ।

**ਏਆਈ ਸਮਿਟ ਦਾ ਉਦੇਸ਼ ਅਤੇ ਥੀਮ :** ਇੰਡੀਆ ਏਆਈ ਇੰਪੈਕਟ ਸਮਿਟ 2026 ਦੀ ਥੀਮ 'सर्वजन हिताय, सर्वजन सुखाय' ਭਾਵ, ਸਾਰਿਆਂ ਦੀ ਭਲਾਈ, ਸਾਰਿਆਂ ਦੀ ਖੁਸ਼ੀ। ਇਸ ਦਾ ਉਦੇਸ਼ ਭਾਰਤ ਨੂੰ ਏਆਈ ਦੇ ਖੇਤਰ ਵਿੱਚ ਮੋਹਰੀ ਦੇਸ਼ ਦੇ ਰੂਪ ਵਿੱਚ ਸਥਾਪਿਤ ਕਰਨਾ ਅਤੇ ਇੱਕ ਅਜਿਹੇ ਭਵਿੱਖ ਦੀ ਕਲਪਨਾ ਕਰਨਾ ਹੈ ਜਿੱਥੇ ਏਆਈ ਮਨੁੱਖਤਾ ਨੂੰ ਅੱਗੇ ਵਧਾਵੇ, ਸਮਾਵੇਸ਼ੀ ਵਿਕਾਸ ਨੂੰ ਉਤਸ਼ਾਹਿਤ ਕਰੇ ਅਤੇ ਸਾਡੀ ਸਾਂਝੀ ਧਰਤੀ ਦੀ ਰੱਖਿਆ ਕਰੇ।



> ਸਮਿਟ ਵਿੱਚ ਸੀਈਓ ਰਾਉਂਡ ਟੇਬਲ ਵਿੱਚ ਏਆਈ, ਟੈਕਨੋਲੋਜੀ ਅਤੇ ਇਨੋਵੇਸ਼ਨ ਜਗਤ ਦੇ ਵੱਖ-ਵੱਖ ਹਿੱਤਧਾਰਕ ਇਕੱਠੇ ਆਏ। ਜਿਨ੍ਹਾਂ ਦਾ ਧਿਆਨ ਏਆਈ ਨੂੰ ਜ਼ਿੰਮੇਵਾਰੀ ਨਾਲ ਵਿਸਤਾਰਿਤ ਕਰਨ, ਆਲਮੀ ਸਹਿਯੋਗ ਨੂੰ ਮਜ਼ਬੂਤ ਕਰਨ ਅਤੇ ਵਿਕਾਸ ਦੇ ਮੌਕਿਆਂ ਨੂੰ ਖੋਲ੍ਹਣ 'ਤੇ ਕੇਂਦ੍ਰਿਤ ਸੀ। ਮਨੁੱਖੀ ਵਿਕਾਸ ਅਤੇ ਟਿਕਾਊ ਵਿਕਾਸ ਲਈ ਏਆਈ ਦੀ ਵਰਤੋਂ ਕਰਨ ਦੀ ਸਾਂਝੀ ਪ੍ਰਤੀਬੱਧਤਾ ਦੇਖ ਕੇ ਖੁਸ਼ੀ ਮਹਿਸੂਸ ਹੋਈ।
>
> **- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਕਰੋੜ ਰੁਪਏ ਕੀਤੀ ਗਈ ਹੈ। ਯਾਨੀ ਕੇਂਦਰ ਸਰਕਾਰ ਏਆਈ ਦੇ ਲਈ ਦੇਸ਼ ਵਿੱਚ ਪੂਰਾ ਈਕੋਸਿਸਟਮ ਤਿਆਰ ਕਰ ਰਹੀ ਹੈ। ਇਸੇ ਦਿਸ਼ਾ ਵਿੱਚ ਸਭ ਤੋਂ ਮਹੱਤਵਪੂਰਨ ਪਹਿਲ ਹੈ- ਇੰਡੀਆ ਏਆਈ ਇੰਪੈਕਟ ਸਮਿਟ। ਭਾਰਤ ਨੇ 16-20 ਫਰਵਰੀ, 2026 ਤੱਕ ਦੁਨੀਆ ਦੀ ਸਭ ਤੋਂ ਵੱਡੀ ਏਆਈ ਸਮਿਟ ਦੀ ਸਫਲ ਅਤੇ ਇਤਿਹਾਸਕ ਮੇਜ਼ਬਾਨੀ ਕੀਤੀ। ਇਹ ਏਆਈ ਦੇ ਖੇਤਰ ਵਿੱਚ ਭਾਰਤ ਦੀ ਅਗਵਾਈ ਦਾ ਐਲਾਨ ਹੈ।

## ਨਵੀਂ ਦਿੱਲੀ ਏਆਈ ਐਲਾਨ- ਪੱਤਰ ਨੂੰ ਵਿਸ਼ਵ ਨੇ ਅਪਣਾਇਆ

ਨਵੀਂ ਦਿੱਲੀ ਵਿਖੇ ਆਯੋਜਿਤ ਏਆਈ ਇੰਪੈਕਟ ਐਲਾਨ ਪੱਤਰ ਨੂੰ ਦੁਨੀਆ ਨੇ ਅਪਣਾਉਣ ਦਾ ਫੈਸਲਾ ਕੀਤਾ। ਭਾਰਤ ਨੇ ਬਰਾਬਰੀ, ਪਹੁੰਚ ਅਤੇ ਆਲਮੀ ਸਹਿਯੋਗ 'ਤੇ ਅਧਾਰਿਤ 'ਸਾਰਿਆਂ ਲਈ ਏਆਈ' ਦੀ ਮੰਗ ਨੂੰ ਅੱਗੇ ਵਧਾਇਆ ਹੈ। ਨਵੀਂ ਦਿੱਲੀ ਐਲਾਨ- ਪੱਤਰ ਨੂੰ 91 ਦੇਸ਼ਾਂ ਅਤੇ ਅੰਤਰਰਾਸ਼ਟਰੀ ਸੰਗਠਨਾਂ ਨੇ ਮਿਲ ਕੇ ਕੰਮ ਕਰਨ ਵਾਲੇ, ਭਰੋਸੇਮੰਦ, ਮਜ਼ਬੂਤ ਅਤੇ ਪ੍ਰਭਾਵਸ਼ਾਲੀ ਏਆਈ ਦੇ ਲਈ ਸਾਂਝੇ ਗਲੋਬਲ ਵਿਜ਼ਨ ਦਾ ਸਮਰਥਨ ਕੀਤਾ। ਇਹ ਆਰਟੀਫਿਸ਼ੀਅਲ ਇੰਟੈਲੀਜੈਂਸ 'ਤੇ ਆਲਮੀ ਸਹਿਯੋਗ ਵਿੱਚ ਮੀਲ ਪੱਥਰ ਹੈ।

## ਏਆਈ ਦੇ ਲਈ ਸਾਂਝਾ ਗਲੋਬਲ ਵਿਜ਼ਨ

"ਸਰਵਜਨ ਹਿਤਾਯ, ਸਰਵਜਨ ਸੁਖਾਯ' (ਸਾਰਿਆਂ ਦੀ ਭਲਾਈ, ਸਾਰਿਆਂ ਦੀ ਖੁਸ਼ੀ) ਦੇ ਸਿਧਾਂਤ ਤੋਂ ਪ੍ਰੇਰਿਤ, ਐਲਾਨ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਏਆਈ ਦੇ ਫਾਇਦੇ ਨੂੰ ਪੂਰੀ ਮਨੁੱਖਤਾ ਦੇ ਨਾਲ ਬਰਾਬਰੀ ਨਾਲ ਸਾਂਝਾ ਕੀਤਾ ਜਾਣਾ ਚਾਹੀਦਾ ਹੈ। ਇਹ ਇਨ੍ਹਾਂ ਗੱਲਾਂ 'ਤੇ ਦਿੰਦੀ ਹੈ ਜ਼ੋਰ...

- ਅੰਤਰਰਾਸ਼ਟਰੀ ਸਹਿਯੋਗ ਅਤੇ ਬਹੁ- ਪੱਖੀ ਹਿਤਧਾਰਕਾਂ ਦੇ ਨਾਲ ਜੁੜਾਅ ਨੂੰ ਮਜ਼ਬੂਤ ਕਰਨਾ।
- ਰਾਸ਼ਟਰੀ ਅਖੰਡਤਾ ਦਾ ਸਨਮਾਨ ਕਰਨਾ।
- ਪਹੁੰਚਯੋਗ ਅਤੇ ਭਰੋਸੇਮੰਦ ਫ੍ਰੇਮਵਰਕ ਦੇ ਜ਼ਰੀਏ ਏਆਈ ਨੂੰ ਅੱਗੇ ਵਧਾਉਣਾ।



## ਜ਼ਿੰਮੇਵਾਰ ਏਆਈ ਅਪਣਾਉਣ ਦਾ ਗਿਨੀਜ਼ ਵਰਲਡ ਰਿਕਾਰਡ

ਭਾਰਤ ਆਰਟੀਫਿਸ਼ੀਅਲ ਇੰਟੈਲੀਜੈਂਸ ਅਭਿਆਸਾਂ ਨੂੰ ਲੈ ਕੇ ਸਿਰਫ਼ ਇਨੋਵੇਸ਼ਨ ਹੀ ਨਹੀਂ ਕਰ ਰਿਹਾ ਹੈ ਸਗੋਂ ਜ਼ਿੰਮੇਵਾਰ ਏਆਈ ਅਪਣਾਉਣ ਦੇ ਲਈ ਵਚਨਬੱਧ ਵੀ ਹੈ। ਇਸੇ ਕੜੀ ਵਿੱਚ ਭਾਰਤ ਦੇ ਨਾਮ 'ਤੇ ਇੱਕ ਗਿਨੀਜ਼ ਵਰਲਡ ਰਿਕਾਰਡ ਦਰਜ ਹੋਇਆ ਜਿਸ ਵਿੱਚ 24 ਘੰਟਿਆਂ ਦੇ ਦੌਰਾਨ 2,50,946 ਲੋਕਾਂ ਨੇ ਜ਼ਿੰਮੇਵਾਰ ਏਆਈ ਦੇ ਲਈ ਪ੍ਰਣ ਵੀ ਲਿਆ। ਰਾਸ਼ਟਰਵਿਆਪੀ ਅਭਿਆਨ ਵਿੱਚ ਵਿਦਿਆਰਥੀਆਂ ਅਤੇ ਨਾਗਰਿਕਾਂ ਨੂੰ ਨੈਤਿਕ, ਪਾਰਦਰਸ਼ੀ ਅਤੇ ਜਵਾਬਦੇਹ ਏਆਈ ਦੀ ਵਰਤੋਂ ਕਰਨ ਦੇ ਲਈ ਵਚਨਬੱਧ ਹੋਣ ਦੇ ਲਈ ਪ੍ਰੇਰਿਤ ਕੀਤਾ ਗਿਆ।

**ਸਟਾਰਟਅੱਪ ਪੁਸਤਕ :** ਇਲੈਕਟ੍ਰੌਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ ਨੇ ਇੰਡੀਆ ਏਆਈ ਇੰਪੈਕਟ ਸਮਿਟ 2026 ਸਟਾਰਟਅੱਪ ਪੁਸਤਕ ਰੀਲੀਜ਼ ਕੀਤੀ। ਇਹ ਪੁਸਤਕ ਭਾਰਤ ਦੇ ਏਆਈ ਅਤੇ ਡੀਪ ਟੈੱਕ ਸਟਾਰਟਅੱਪ ਈਕੋਸਿਸਟਮ ਦੇ ਵਧਦੇ ਆਲਮੀ ਪ੍ਰਭਾਵ ਦਾ ਅਧਿਐਨ ਹੈ।

## ਭਵਿੱਖ ਵਿੱਚ ਨਿਵੇਸ਼

ਆਉਣ ਵਾਲੇ ਵਰ੍ਹਿਆਂ ਵਿੱਚ ਏਆਈ ਦੇ ਖੇਤਰ ਵਿੱਚ ਬੁਨਿਆਦੀ ਢਾਂਚੇ, ਬੁਨਿਆਦੀ ਮਾਡਲ, ਹਾਰਡਵੇਅਰ ਅਤੇ ਅਭਿਆਸਾਂ ਨਾਲ ਸਬੰਧਿਤ ਨਿਵੇਸ਼ ਵਿੱਚ ਸੈਂਕੜੇ ਅਰਬ ਡਾਲਰਾਂ ਦਾ ਨਿਵੇਸ਼ ਹੋਣ ਦੀ ਹੈ ਉਮੀਦ ...

**110**
ਅਰਬ ਡਾਲਰ ਦਾ ਨਿਵੇਸ਼ ਰਿਲਾਇੰਸ ਇੰਡਸਟ੍ਰੀਜ਼ ਅਗਲੇ 7 ਵਰ੍ਹਿਆਂ ਵਿੱਚ ਕਰੇਗਾ।

**15** ਅਰਬ ਡਾਲਰ ਦਾ ਨਿਵੇਸ਼ ਗੂਗਲ ਵੱਲੋਂ ਵਿਸ਼ਾਖਾਪਟਨਮ ਵਿੱਚ ਕੀਤਾ ਜਾਵੇਗਾ।

**100**
ਅਰਬ ਡਾਲਰ ਦਾ ਨਿਵੇਸ਼ ਵਰ੍ਹੇ 2035 ਤੱਕ ਅਡਾਨੀ ਇੰਟਰਪ੍ਰਾਈਜ਼ਿਜ ਨੇ ਕਰਨ ਦੀ ਗੱਲ ਕੀਤੀ ਹੈ।

- ਜਨਰਲ ਕੈਟਾਲਿਸਟ ਵੱਲੋਂ 5 ਵਰ੍ਹਿਆਂ ਵਿੱਚ 5 ਬਿਲੀਅਨ ਡਾਲਰ ਦਾ ਨਿਵੇਸ਼ ਕੀਤਾ ਜਾਵੇਗਾ।
- 10 ਅਰਬ ਡਾਲਰ ਦਾ ਨਿਵੇਸ਼ ਲਾਈਟ ਸਪੀਡ ਵੈਂਚਰ ਪਾਰਟਨਰਸ ਕਰੇਗਾ।
- 11 ਅਰਬ ਡਾਲਰ ਦਾ ਨਿਵੇਸ਼ ਮਹਾਰਾਸ਼ਟਰ ਵਿੱਚ ਟਾਟਾ ਗਰੁੱਪ ਕਰੇਗਾ।

## ਏਆਈ ਗਲੋਬਲ ਲੈਂਡਸਕੇਪ ਵਿੱਚ ਭਾਰਤ ਦੀ ਨਵੀਂ ਪਛਾਣ

शुश्रूषा श्रवणं चैव ग्रहणं धारणां तथा।
ऊहापोहोऽर्थविज्ञानं तत्त्वज्ञानं च धीगुणाः॥"

ਅਰਥਾਤ, ਬੁੱਧੀਮਾਨੀ, ਤਰਕਸ਼ੀਲਤਾ ਅਤੇ ਫੈਸਲਾ ਲੈਣ ਦੀ ਸਮਰੱਥਾ ਵਿਗਿਆਨ ਅਤੇ ਤਕਨਾਲੋਜੀ ਨੂੰ ਜਨ-ਜਨ ਦੇ ਲਈ ਉਪਯੋਗੀ ਬਣਾਉਂਦੀਆਂ ਹਨ। ਇੰਡੀਆ ਏਆਈ ਇੰਪੈਕਟ ਸਮਿਟ -2026 ਦਾ ਉਦੇਸ਼ ਵੀ ਇਹੀ ਰਿਹਾ ਕਿ ਕਿਵੇਂ ਏਆਈ ਦੀ ਵਰਤੋਂ ਸਾਰਿਆਂ ਦੇ ਹਿਤ ਵਿੱਚ ਹੋਵੇ। ਇਸ ਲਈ ਇਸ ਸਮਿਟ ਦੀ ਥੀਮ- "ਸਰਵਜਨ ਹਿਤਾਯ, ਸਰਵਜਨ ਸੁਖਾਯ', ਅਰਥਾਤ ਸਾਰਿਆਂ ਦੀ ਭਲਾਈ, ਸਾਰਿਆਂ ਦੀ ਖੁਸ਼ੀ 'ਤੇ ਅਧਾਰਿਤ ਸੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਏਆਈ ਦੀ ਦੁਨੀਆ ਵਿੱਚ ਭਾਰਤ ਦਾ ਪ੍ਰਭਾਵ ਲਗਾਤਾਰ ਵਧ ਰਿਹਾ ਹੈ, ਜਿਸ ਦਾ ਗਵਾਹ ਬਣੀ ਹੈ 2026 ਦੀ ਗਲੋਬਲ ਸਮਿਟ। ਇਹ ਸਮਿਟ ਏਆਈ ਗਲੋਬਲ ਲੈਂਡਸਕੇਪ ਵਿੱਚ ਭਾਰਤ ਦੀ ਨਵੀਂ ਪਛਾਣ ਬਣ ਕੇ ਉੱਭਰੀ ਹੈ। ਆਰਟੀਫਿਸ਼ੀਅਲ ਇੰਟੈਲੀਜੈਂਸ ਹੁਣ ਗਲੋਬਲ ਇਕੌਨੋਮੀ ਅਤੇ ਰੁਜ਼ਗਾਰ ਦਾ ਸਭ ਤੋਂ ਵੱਡਾ ਗੇਮਚੇਂਜ਼ਰ ਹੈ। ਦੁਨੀਆ ਦੇ ਲਈ ਏਆਈ ਦਾ ਇੱਕ ਹੀ ਮਤਲਬ ਹੈ- ਆਰਟੀਫਿਸ਼ੀਅਲ ਇੰਟੈਲੀਜੈਂਸ, ਪਰੰਤੂ ਭਾਰਤ

## ਵਰ੍ਹੇ 2032 ਤੱਕ 131 ਅਰਬ ਡਾਲਰ ਤੋਂ ਵੱਧ ਦਾ ਹੋਵੇਗਾ ਭਾਰਤ ਦਾ ਏਆਈ ਬਜ਼ਾਰ

ਕੰਪੀਟੀਸ਼ਨ ਕਮਿਸ਼ਨ ਆਫ ਇੰਡੀਆ (ਸੀਸੀਆਈ) ਦੁਆਰਾ ਪ੍ਰਕਾਸ਼ਿਤ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਏਆਈ ਦੇ ਆਲਮੀ ਬਜ਼ਾਰ ਦਾ ਆਕਾਰ 2020 ਵਿੱਚ 103.6 ਅਰਬ ਅਮਰੀਕੀ ਡਾਲਰ ਤੋਂ ਵਧ ਕੇ 2024 ਵਿੱਚ 288.8 ਅਰਬ ਅਮਰੀਕੀ ਡਾਲਰ ਹੋ ਗਿਆ ਹੈ। ਇਸੇ ਮਿਆਦ ਵਿੱਚ, ਭਾਰਤ ਵਿੱਚ ਏਆਈ ਬਜ਼ਾਰ 2.97 ਅਰਬ ਅਮਰੀਕੀ ਡਾਲਰ ਤੋਂ ਵਧ ਕੇ 7.63 ਅਰਬ ਅਮਰੀਕੀ ਡਾਲਰ ਹੋ ਗਿਆ ਹੈ। ਭਾਰਤੀ ਏਆਈ ਬਜ਼ਾਰ ਦੇ 2032 ਤੱਕ 42.2% ਦੀ ਕੰਪਾਊਂਡ ਐਨੂਅਲ ਗ੍ਰੋਥ ਰੇਟ (ਸੀਏਜੀਆਰ) ਤੋਂ ਵਧ ਕੇ 131.31 ਅਰਬ ਅਮਰੀਕੀ ਡਾਲਰ ਤੱਕ ਪਹੁੰਚਣ ਦਾ ਅਨੁਮਾਨ ਹੈ।

## ਏਆਈ ਸਮਿਟ ਵਿੱਚ 118 ਤੋਂ ਵੱਧ ਦੇਸ਼ ਹੋਏ ਸ਼ਾਮਲ

ਏਆਈ ਇੰਪੈਕਟ ਸਮਿਟ ਵਿੱਚ 118 ਦੇਸ਼ਾਂ ਦੇ 5 ਲੱਖ ਤੋਂ ਵੱਧ ਪ੍ਰਤੀਨਿਧੀਆਂ ਨੇ ਹਿੱਸਾ ਲਿਆ। 20 ਵੱਧ ਦੇਸ਼ਾਂ ਦੇ ਸਰਕਾਰ ਪ੍ਰਮੁੱਖ ਵੀ ਸਮਿਟ ਵਿੱਚ ਸ਼ਾਮਲ ਹੋਏ। 100 ਤੋਂ ਜ਼ਿਆਦਾ ਗਲੋਬਲ ਏਆਈ ਲੀਡਰ, ਮੁੱਖ ਕਾਰਜਕਾਰੀ ਅਧਿਕਾਰੀ, ਸੀਐਕਸਓ ਅਤੇ 500 ਤੋਂ ਵੱਧ ਵੱਡੇ ਏਆਈ ਮਾਹਿਰ ਸ਼ਾਮਲ ਹੋਏ।

## ਸਿਹਤ ਵਿੱਚ ਏਆਈ ਦੀ ਵਧ ਰਹੀ ਵਰਤੋਂ

- ਇੰਡੀਆ ਏਆਈ ਇੰਪੈਕਟ ਸਮਿਟ 2026 ਵਿੱਚ ਦੋ ਨਵੀਆਂ ਡਿਜੀਟਲ ਹੈਲਥ ਪਹਿਲਕਦਮੀਆਂ SAHI (ਭਾਰਤ ਵਿੱਚ ਸਿਹਤ ਸੰਭਾਲ ਦੇ ਲਈ ਏਆਈ ਰਣਨੀਤੀ) ਅਤੇ BODH (ਸਿਹਤ ਏਆਈ ਦੇ ਲਈ ਓਪਨ ਡਾਟਾ ਪਲੈਟਫਾਰਮ) ਦੀ ਸ਼ੁਰੂਆਤ ਕੀਤੀ ਗਈ। ਇਹ ਪਹਿਲਕਦਮੀਆਂ ਭਾਰਤ ਦੀ ਸਿਹਤ ਸੰਭਾਲ ਵਿੱਚ ਆਈ ਦੇ ਸੁਰੱਖਿਅਤ, ਨੈਤਿਕ ਅਤੇ ਪ੍ਰਮਾਣ -ਅਧਾਰਿਤ ਵਰਤੋਂ ਨੂੰ ਹੁਲਾਰਾ ਦੇਣ ਵਿੱਚ ਮਦਦ ਕਰਨਗੀਆਂ।



ਮੈਡੀਕਲ ਇਮੇਜ (ਜਿਵੇਂ ਐਕਸ ਰੇਅ ਜਾਂ ਸਕੈਨ) ਦੇ ਏਆਈ ਵਿਸ਼ਲੇਸ਼ਣ ਨਾਲ ਟੀਬੀ, ਕੈਂਸਰ ਅਤੇ ਹੋਰ ਬਿਮਾਰੀਆਂ ਦਾ ਸਟੀਕ ਢੰਗ ਨਾਲ ਪਤਾ ਲਗਾਇਆ ਜਾ ਸਕਦਾ ਹੈ।



- ਏਆਈ ਸਿਹਤ ਸੰਭਾਲ ਨੂੰ ਬਿਹਤਰ ਅਤੇ ਪਹੁੰਚਯੋਗ ਬਣਾ ਰਿਹਾ ਹੈ, ਖਾਸ ਕਰਕੇ ਗ੍ਰਾਮੀਣ ਅਤੇ ਦੂਰ-ਦੁਰਾਡੇ ਇਲਾਕਿਆਂ ਵਿੱਚ।
- ਏਆਈ ਨਾਲ ਜੁੜੇ ਜਾਂਚ ਉਪਕਰਣ ਬਿਮਾਰੀਆਂ ਦੀ ਪਛਾਣ ਕਰਨ ਵਿੱਚ ਮਦਦ ਕਰਦੇ ਹਨ।
- ਏਆਈ ਅਧਾਰਿਤ ਟੈਲੀਮੈਡੀਸਨ ਗ੍ਰਾਮੀਣ ਮਰੀਜ਼ਾਂ ਨੂੰ ਡਾਕਟਰਾਂ ਨਾਲ ਜੋੜਦੀ ਹੈ, ਜਿਸ ਨਾਲ ਯਾਤਰਾ ਅਤੇ ਉਡੀਕ ਦਾ ਸਮਾਂ ਘੱਟ ਹੁੰਦਾ ਹੈ।
- ਏਆਈ ਬਿਮਾਰੀ ਦੇ ਫੈਲਣ ਦੀ ਪਹਿਲਾਂ ਤੋਂ ਚੇਤਾਵਨੀ ਦੇਣ ਵਿੱਚ ਮਦਦ ਕਰਦਾ ਹੈ।
- ਦਵਾਈਆਂ ਦੀ ਖੋਜ ਅਤੇ ਮਰੀਜ਼ ਦੇ ਅਨੁਸਾਰ ਇਲਾਜ ਤੈਅ ਕਰਨ ਵਿੱਚ ਵੀ ਸਹਾਇਕ।

## ਭਾਰਤ –ਫਰਾਂਸ ਦਾ ਹੈਲਥ ਏਆਈ ਸੈਂਟਰ

ਦਿੱਲੀ ਦੇ ਆਲ ਇੰਡੀਆ ਇੰਸਟੀਟਿਊਟ ਆਫ ਮੈਡੀਕਲ ਸਾਇੰਸਿਜ਼ (ਏਮਜ਼) ਵਿੱਚ ਫਰਾਂਸ ਦੇ ਰਾਸ਼ਟਰਪਤੀ ਦੀ ਮੌਜੂਦਗੀ ਵਿੱਚ ਇੰਡੋ-ਫ੍ਰੈਂਚ ਸੈਂਟਰ ਫਾਰ ਏਆਈ ਇਨ ਹੈਲਥ (ਆਈਐੱਫ-ਸੀਏਆਈਐੱਚ) ਦੀ ਸ਼ੁਰੂਆਤ ਹੋਈ। ਇਸ ਦਾ ਉਦੇਸ਼ ਏਆਈ ਅਧਾਰਿਤ ਖੋਜ, ਮੈਡੀਕਲ ਐਜੂਕੇਸ਼ਨ ਅਤੇ ਇਨੋਵੇਸ਼ਨ ਨੂੰ ਉਤਸ਼ਾਹਿਤ ਕਰਦੇ ਹੋਏ ਗੁੰਝਲਦਾਰ ਸਿਹਤ ਚੁਣੌਤੀਆਂ ਦਾ ਹੱਲ ਕੱਢਣਾ ਹੈ। ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕ੍ਰੋਂ ਨੇ ਕਿਹਾ ਕਿ ਭਾਰਤ ਅਤੇ ਫਰਾਂਸ ਐਡਵਾਂਸਡ ਕੰਪਿਊਟਿੰਗ ਅਤੇ ਪ੍ਰਤਿਭਾ ਵਿਕਾਸ ਦੇ ਲਈ ਵਚਨਬੱਧ ਹੈ, ਤਾਂ ਜੋ ਅਸੀਂ ਆਪਣੇ ਭਰੋਸੇਯੋਗ ਏਆਈ ਸਿਸਟਮ ਖੁਦ ਵਿਕਸਿਤ ਕਰ ਸਕੀਏ। ਉਨ੍ਹਾਂ ਨੇ ਇਹ ਵੀ ਕਿਹਾ ਕਿ ਸਿਰਫ਼ ਉਨ੍ਹਾਂ ਤਕਨੀਕਾਂ 'ਤੇ ਨਿਰਭਰ ਨਹੀਂ ਰਹਿ ਸਕਦੇ ਜੋ ਹੋਰ ਦੇਸ਼ਾਂ ਦੁਆਰਾ ਤਿਆਰ ਅਤੇ ਸੰਚਾਲਿਤ ਹੋਣ।

ਦੇ ਲਈ ਇਸ ਦੇ ਦੋ ਅਰਥ ਹਨ- ਆਰਟੀਫਿਸ਼ੀਅਲ ਇੰਟੈਲੀਜੈਂਸ ਅਤੇ ਐਸਪਿਰੇਸ਼ਨਲ ਇੰਡੀਆ। ਇਸ ਨੂੰ ਸਾਕਾਰ ਕਰਨ ਦਾ ਸਭ ਤੋਂ ਵੱਡਾ ਮੌਕਾ ਹੈ ਆਰਟੀਫਿਸ਼ੀਅਲ ਇੰਟੈਲੀਜੈਂਸ। ਏਆਈ ਦੇ ਖੇਤਰ ਵਿੱਚ ਭਾਰਤ ਦੁਨੀਆ ਦੇ ਟੌਪ ਦੇਸ਼ਾਂ ਵਿੱਚੋਂ ਇੱਕ ਹੈ। ਇਸੇ ਏਆਈ ਸਮਰੱਥਾ ਦਾ ਨਾਅਰਾ ਬਣੀ ਹੈ ਇਹ ਸਮਿਟ। ਇਹ ਸਮਿਟ ਕਿਸੇ ਵੀ ਵਿਕਾਸਸ਼ੀਲ ਦੇਸ਼ ਵਿੱਚ ਆਯੋਜਿਤ ਪਹਿਲੀ ਗਲੋਬਲ ਏਆਈ ਸਮਿਟ ਹੈ। ਇਸ ਸਮਿਟ ਦੇ ਮਹੱਤਵ ਦਾ ਅੰਦਾਜ਼ਾ ਇਸੇ ਤੋਂ ਲਗਾਇਆ ਜਾ ਸਕਦਾ ਹੈ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕ੍ਰੋਂ, ਬ੍ਰਾਜ਼ੀਲ ਦੇ ਰਾਸ਼ਟਰਪਤੀ ਲੂਲਾ ਡਿਸਿਲਵਾ ਵਰਗੇ ਕਈ ਗਲੋਬਲ ਲੀਡਰਸ ਦੇ ਨਾਲ 15 ਤੋਂ 20 ਸ਼ਾਸਨ ਪ੍ਰਮੁੱਖ, 50 ਤੋਂ ਵੱਧ ਅੰਤਰਰਾਸ਼ਟਰੀ ਮੰਤਰੀਆਂ ਸਮੇਤ 100 ਤੋਂ ਜ਼ਿਆਦਾ ਦੇਸ਼ ਸ਼ਾਮਲ ਹੋਏ। ਗੂਗਲ ਦੇ ਸੁੰਦਰ ਪਿਚਾਈ, ਓਪਨ ਏਆਈ ਦੇ ਸੈਮ ਆਲਟਮੈਨ ਵਰਗੇ ਵੱਡੇ ਨਾਮ ਸ਼ਾਮਲ ਹੋਏ। ਇਹ ਸਮਿਟ ਦੇਸ਼ ਦੇ ਲਈ ਇਤਿਹਾਸਕ ਮੌਕਾ ਬਣੀ, ਜੋ ਕਿ ਏਆਈ ਦੇ ਖੇਤਰ ਵਿੱਚ ਤਬਦੀਲੀ ਅਤੇ ਵਿਕਾਸ ਨੂੰ ਨਵੀਂ ਰਫ਼ਤਾਰ ਦੇਵੇਗੀ। ਅਕੈਡਮੀ, ਸਟਾਰਟਅੱਪ ਅਤੇ ਸਰਕਾਰਾਂ ਦੇ ਨਾਲ ਮਜ਼ਬੂਤ ਸਹਿਯੋਗ ਸਥਾਪਿਤ ਹੋਵੇਗਾ। ਰਾਜਾਂ ਅਤੇ ਕੇਂਦਰ ਸਰਕਾਰ ਦੇ ਦਰਮਿਆਨ ਬਿਹਤਰ ਤਾਲਮੇਲ ਨੂੰ ਹੁਲਾਰਾ ਮਿਲੇਗਾ।



## ਮਹਿਲਾ ਅਗਵਾਈ ਵਾਲੀ ਏਆਈ

ਇੰਡੀਆ ਏਆਈ ਇੰਪੈਕਟ ਸਮਿਟ 2026 ਵਿੱਚ ਜਨਤਕ ਭਲਾਈ ਅਤੇ ਡਿਜੀਟਲ ਪਬਲਿਕ ਇਨਫ੍ਰਾਸਟ੍ਰਕਚਰ ਦੇ ਲਈ ਮਹਿਲਾ ਅਗਵਾਈ ਵਾਲੀ ਏਆਈ ਦਾ ਪ੍ਰਦਰਸ਼ਨ ਕੀਤਾ ਗਿਆ। ਇਸ ਵਿੱਚ ਸਮਾਵੇਸ਼ੀ, ਵਿਸਤਾਰ ਯੋਗ ਅਤੇ ਇੰਪੈਕਟ –ਫਸਟ ਏਆਈ ਸਮਾਧਾਨਾਂ ਨੂੰ ਅੱਗੇ ਵਧਾਉਣ ਦੇ ਲਈ ਮਹਿਲਾ ਅਗਵਾਈ ਵਾਲੇ ਦਸ ਸਟਾਰਟਅੱਪਸ ਨੂੰ ਸਨਮਾਨਿਤ ਕੀਤਾ ਗਿਆ।

## ਖੇਤੀਬਾੜੀ ਵਿੱਚ ਏਆਈ ਦੀ ਵਰਤੋਂ

ਸੈਟੇਲਾਈਟ ਤੋਂ ਮਿਲੀਆਂ ਤਸਵੀਰਾਂ, ਮੌਸਮ ਦੇ ਪੂਰਵ-ਅਨੁਮਾਨ, ਮਿੱਟੀ ਦੀ ਜਾਣਕਾਰੀ ਅਤੇ ਫਸਲਾਂ ਦੇ ਪੈਟਰਨ ਦਾ ਵਿਸ਼ਲੇਸ਼ਣ ਕਰਕੇ ਏਆਈ ਕਿਸਾਨਾਂ ਨੂੰ ਇਹ ਸਮਝਣ ਵਿੱਚ ਮਦਦ ਕਰਦਾ ਹੈ ਕਿ ਕਿਹੜੀ ਫਸਲ ਦੀ ਬਿਜਾਈ ਕਰਨੀ ਹੈ, ਕਿੰਨੀ ਖਾਦ ਪਾਉਣੀ ਹੈ ਅਤੇ ਵਾਢੀ ਦਾ ਸਹੀ ਸਮਾਂ ਕੀ ਹੈ। ਕੀਟਨਾਸ਼ਕ ਅਤੇ ਬਿਮਾਰੀਆਂ ਦੀ ਸਮੇਂ ਸਿਰ ਚੇਤਾਵਨੀ ਦੇਣ ਤੋਂ ਲੈ ਕੇ ਸਿੰਚਾਈ ਅਤੇ ਖਾਦਾਂ ਦੀ ਬਿਹਤਰ ਯੋਜਨਾ ਬਣਾਉਣ ਤੱਕ, ਏਆਈ ਖੇਤੀ ਨੂੰ ਵਧੇਰੇ ਸਟੀਕ, ਪ੍ਰਭਾਵਸ਼ਾਲੀ ਅਤੇ ਘੱਟ ਜੋਖਮ ਵਾਲੀ ਬਣਾਉਂਦੀ ਹੈ।

- ਨਵਾਂ ਡਿਜੀਟਲ ਸਾਥੀ "ਭਾਰਤ -VISTAAR" ਲਾਂਚ ਕੀਤਾ ਗਿਆ। ਇਹ ਏਆਈ ਅਧਾਰਿਤ ਪਲੈਟਫਾਰਮ ਕਿਸਾਨਾਂ ਨੂੰ ਫੋਨ ਕਾਲ, ਚੈਟਬੌਟ ਅਤੇ ਅੱਗੇ ਚੱਲ ਕੇ ਐਪ ਦੇ ਜ਼ਰੀਏ, ਮੌਸਮ, ਮੰਡੀਆਂ ਦੇ ਭਾਅ, ਕੀਟਨਾਸ਼ਨ- ਬਿਮਾਰੀ, ਮਿੱਟੀ, ਫਸਲ ਸਬੰਧੀ ਸਲਾਹ ਅਤੇ ਯੋਜਨਾਵਾਂ ਦੀ ਜਾਣਕਾਰੀ ਇੱਕ ਹੀ ਥਾਂ 'ਤੇ ਦੇਵੇਗਾ। ਕਿਸਾਨ ਹੁਣ 155261 ਨੰਬਰ ਡਾਇਲ ਕਰਕੇ ਜੋ ਸੁਆਲ ਪੁੱਛਣਗੇ, ਤੁਰੰਤ ਉਸ ਦਾ ਹੱਲ ਮਿਲੇਗਾ।






## ਨੈਸ਼ਨਲ ਏਆਈ ਇਨਫ੍ਰਾਸਟ੍ਰਕਚਰ ਨੂੰ ਮਿਲੇਗੀ ਮਜ਼ਬੂਤੀ

ਭਾਰਤ ਸਰਕਾਰ ਨੇ ਰਾਸ਼ਟਰੀ ਏਆ ਢਾਂਚੇ ਨੂੰ ਮਜ਼ਬੂਤ ਕਰਨ ਦੇ ਲਈ ਮੌਜੂਦਾ 38,000 ਜੀਪੀਯੂ ਤੋਂ ਇਲਾਵਾ 20,000 ਅਤੇ ਜੀਪੀਯੂ ਜੋੜਣ ਦਾ ਫੈਸਲਾ ਕੀਤਾ ਹੈ। ਇਸ ਦਾ ਐਲਾਨ ਇਲੈਕਟ੍ਰੌਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰੀ ਸ਼੍ਰੀ ਅਸ਼ਵਿਨੀ ਵੈਸ਼ਣਵ ਨੇ ਇੰਡੀਆ ਏਆਈ ਇੰਪੈਕਟ ਸਮਿਟ 2026 ਵਿੱਚ ਕੀਤੀ। (ਗ੍ਰਾਫਿਕਸ ਪ੍ਰੋਸੈੱਸਿੰਗ ਯੂਨਿਟ) ਇੱਕ ਸ਼ਕਤੀਸ਼ਾਲੀ ਕੰਪਿਊਟਰ ਚਿੱਪ ਹੁੰਦੀ ਹੈ। ਇਹ ਮਸ਼ੀਨਾਂ ਨੂੰ ਤੇਜ਼ੀ ਨਾਲ ਡੇਟਾ ਸਮਝਣ, ਤਸਵੀਰਾਂ ਪ੍ਰੋਸੈੱਸ ਕਰਨ, ਏਆਈ ਪ੍ਰੋਗਰਾਮ ਚਲਾਉਣ ਅਤੇ ਗੁੰਝਲਦਾਰ ਕੰਮਾਂ ਨੂੰ ਸਧਾਰਣ ਪ੍ਰੋਸੈੱਸਰ ਦੇ ਮੁਕਾਬਲੇ ਵਿੱਚ ਵਧੇਰੇ ਤੇਜ਼ੀ ਅਤੇ ਕੁਸ਼ਲਤਾ ਨਾਲ ਕਰਨ ਵਿੱਚ ਮਦਦ ਕਰਦੀ ਹੈ।

ਸਰਕਾਰੀ ਸੇਵਾਵਾਂ ਵਿੱਚ ਤਬਦੀਲੀ ਦੇ ਲਈ ਏਆਈ ਦੀ ਵਰਤੋਂ ਹੋਵੇਗੀ। ਜ਼ਿੰਮੇਵਾਰ ਅਤੇ ਨੈਤਿਕ ਏਆਈ ਦੀ ਵਚਨਬੱਧਤਾ ਦੇ ਲਈ ਨੀਤੀਗਤ ਫ੍ਰੇਮਵਰਕ ਬਣੇਗਾ।

## ਭਾਰਤ ਦੇ 'ਮਾਨਵ' ਵਿਜ਼ਨ ਤੋਂ ਪ੍ਰੇਰਿਤ ਏਆਈ

ਫਰਵਰੀ ਵਿੱਚ ਆਯੋਜਿਤ ਇੰਡੀਆ-ਏਆਈ ਇੰਪੈਕਟ ਸਮਿਟ ਦੁਨੀਆ ਦੇ ਲਈ ਨਵੀਂ ਤਕਨੀਕ ਦੇ ਲੋਕਤੰਤਰੀਕਰਨ, ਮਨੁੱਖੀ ਭਲਾਈ ਦੇ ਲਈ ਇਸ ਦੀ ਵਰਤੋਂ ਅਤੇ ਸੁਸ਼ਾਸਨ- ਸੁਰੱਖਿਆ ਦੀ ਜਵਾਬਦੇਹੀ ਦਾ ਅਧਾਰ ਬਣਿਆ। ਇਸ ਸਮਿਟ ਵਿੱਚ ਪ੍ਰਧਾਨ ਮੰਤਰੀ ਨੇ ਮਾਨਵ ਵਿਜ਼ਨ ਨੂੰ ਦੁਨੀਆ ਦੇ ਸਾਹਮਣੇ ਰੱਖਿਆ। ਇਸ ਦਾ ਅਰਥ ਹੈ- ਏਆਈ ਰੁਜ਼ਗਾਰ ਦਾ ਦੁਸ਼ਮਣ ਨਹੀਂ, ਸਹਿਯੋਗੀ ਬਣੇ, ਪਿੰਡ ਅਤੇ ਗ਼ਰੀਬ ਤੱਕ ਪਹੁੰਚੇ, ਸਿੱਖਿਆ ਅਤੇ ਸਿਹਤ ਵਿੱਚ ਸੁਧਾਰ ਕਰੇ, ਛੋਟੇ ਕਾਰੋਬਾਰਾਂ ਨੂੰ ਮਜ਼ਬੂਤ ਬਣਾਏ। ਭਾਰਤ ਦਾ ਮਾਡਲ ਪੱਛਮੀ ਦੇਸ਼ਾਂ ਤੋਂ ਵੱਖਰਾ ਹੈ। ਇੱਥੇ ਏਆਈ ਨੂੰ ਸਿਰਫ਼ ਵਪਾਰਕ ਲਾਭ ਨਹੀਂ, ਸਗੋਂ ਸਮਾਜਿਕ ਤਬਦੀਲੀ ਦੇ ਸਾਧਨ ਦੇ ਰੂਪ ਵਿੱਚ ਦੇਖਿਆ ਜਾ ਸਕਦਾ ਹੈ।

ਪ੍ਰਧਾਨ ਮੰਤਰੀ ਮੋਦੀ ਨੇ ਏਆਈ ਦੇ ਲਈ ਭਾਰਤ ਦੇ 'ਮਾਨਵ' (MANAV)

## ... ਤਾਂ ਜੋ ਮੌਕਿਆਂ ਦਾ ਲਿਆ ਜਾ ਸਕੇ ਲਾਭ

### ਸਕੂਲਾਂ ਵਿੱਚ ਬੁਨਿਆਦੀ ਏਆਈ ਸਾਖ਼ਰਤਾ

- ਰਾਸ਼ਟਰੀ ਸਿੱਖਿਆ ਨੀਤੀ (ਐੱਨਈਪੀ) 2020 ਵਿੱਚ ਡਿਜੀਟਲ ਅਤੇ ਸਾਖਰਤਾ ਨੂੰ ਲਾਜ਼ਮੀ ਯੋਗਤਾ ਵਜੋਂ ਤਰਜੀਹ ਦਿੱਤੀ ਗਈ ਹੈ।
- ਏਆਈ ਅਤੇ ਕੰਪਿਊਟੇਸ਼ਨਲ ਥਿੰਕਿੰਗ ਪਹਿਲ ਦੇ ਤਹਿਤ ਗ੍ਰੇਡ 3 ਨਾਲ ਸ਼ੁਰੂ।
- ਏਆਈ ਦੇ ਨਾਲ ਤਰੱਕੀ ਦੇ ਲਈ ਯੁਵਾ ਏਆਈ ਵਿੱਚ ਕਲਾਸ 8-12 ਦੇ ਵਿਦਿਆਰਥੀਆਂ ਨੂੰ ਅੱਠ ਵਿਸ਼ਾ ਪੂਰਕ ਖੇਤਰਾਂ ਵਿੱਚ ਵਿਵਹਾਰਿਕ ਏਆਈ ਸਮਾਧਾਨ ਤਿਆਰ ਕਰਨ ਵਿੱਚ ਸਹਾਇਤਾ ਮਿਲਦੀ ਹੈ।
- ਸਾਰਿਆਂ ਦੇ ਲਈ ਯੁਵਾ ਏਆਈ ਦੇ ਤਹਿਤ 11 ਭਾਸ਼ਾਵਾਂ ਵਿੱਚ ਇੱਕ ਮੁਫ਼ਤ ਰਾਸ਼ਟਰੀ ਏਆਈ ਸਾਖ਼ਰਤਾ ਪਾਠਕ੍ਰਮ ਤਿਆਰ ਹੈ, ਇਸ ਦਾ ਟੀਚਾ 1 ਕਰੋੜ ਨਾਗਰਿਕਾਂ ਨੂੰ ਏਆਈ ਦੀ ਬੇਸਿਕ ਜਾਣਕਾਰੀ ਦੇਣਾ ਹੈ।

### ਸਿੱਖਿਆ ਵਿੱਚ ਏਆਈ ਦੀ ਵਰਤੋਂ

ਏਆਈ ਸਿੱਖਿਆ ਨੂੰ ਪਰਸਨਲਾਈਜ਼ਡ, ਸਮਾਵੇਸ਼ੀ ਅਤੇ ਅਸਾਨ ਬਣਾ ਰਿਹਾ ਹੈ। ਏਆਈ ਅਧਾਰਿਤ ਪਲੈਟਫਾਰਮ ਹਰ ਵਿਦਿਆਰਥੀ ਦੀ ਜ਼ਰੂਰਤ ਅਤੇ ਸਿੱਖਣ ਦੀ ਗਤੀ ਦੇ ਅਨੁਸਾਰ ਪੜ੍ਹਾਈ ਦੀ ਸਮੱਗਰੀ ਤਿਆਰ ਕਰਦਾ ਹੈ। ਇਸ ਨਾਲ ਹੌਲੀ ਗਤੀ ਨਾਲ ਸਿੱਖਣ ਵਾਲੇ ਅਤੇ ਤੇਜ਼ ਸਿੱਖਣ ਵਾਲੇ ਦੋਨਾਂ ਨੂੰ ਬਰਾਬਰ ਮਦਦ ਮਿਲਦੀ ਹੈ। ਏਆਈ ਦੀ ਮਦਦ ਨਾਲ ਭਾਸ਼ਾ ਅਨੁਵਾਦ ਵੀ ਅਸਾਨ ਹੋ ਗਿਆ ਹੈ, ਜਿਸ ਨਾਲ ਪੜ੍ਹਾਈ ਦੀ ਸਮੱਗਰੀ ਖੇਤਰੀ ਭਾਸ਼ਾਵਾਂ ਵਿੱਚ ਉਪਲਬਧ ਹੋ ਸਕਦੀ ਹੈ। ਏਆਈ ਅਧਾਰਿਤ ਟਯੂਟਰਿੰਗ ਸਿਸਟਮ ਤੁਰੰਤ ਪ੍ਰਤੀਕਿਰਿਆ ਦਿੰਦੇ ਹਨ ਅਤੇ 24 ਘੰਟੇ ਸਿੱਖਣ ਵਿੱਚ ਸਹਾਇਤਾ ਕਰਦੇ ਹਨ। DIKSHA ਵਰਗੇ ਪਲੈਟਫਾਰਮ ਵੀ ਏਆਈ ਦੀ ਵਰਤੋਂ ਕਰਕੇ ਵੱਖ-ਵੱਖ ਸਮੂਹਾਂ ਦੇ ਵਿਦਿਆਰਥੀਆਂ ਦੇ ਲਈ ਉਪਯੋਗੀ ਅਤੇ ਸਰਲ ਸਿੱਖਿਆ ਸਮੱਗਰੀ ਮੁਹੱਈਆ ਕਰਵਾ ਰਹੇ ਹਨ। ਸਰਕਾਰ ਨੇ ਆਈਆਈਟੀ ਮਦਰਾਸ ਵਿੱਚ ਏਆਈ ਫਾਰ ਐਜੂਕੇਸ਼ਨ ਦੇ ਲਈ ਇੱਕ ਕੇਂਦਰ ਆਫ ਐਕਸੀਲੈਂਸ ਸਥਾਪਿਤ ਕੀਤਾ ਹੈ।



## ਕਾਰੋਬਾਰ ਅਤੇ ਉਦਯੋਗ ਨਾਲ ਜੁੜੀ ਟ੍ਰੇਨਿੰਗ

- ਕੌਸ਼ਲ ਭਾਰਤ ਮਿਸ਼ਨ ਅਤੇ ਐੱਸਓਏਆਰ ਪਹਿਲ ਵਿੱਚ ਸਕਿੱਲਿੰਗ ਫਾਰ ਏਆਰ ਰੈਡੀਨੈੱਸ ਦੇ ਤਹਿਤ ਦਸੰਬਰ 2025 ਤੱਕ ਨਿਜੀ ਸਾਂਝੇਦਾਰੀ ਵਿੱਚ 1.34 ਲੱਖ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਟ੍ਰੇਨਿੰਗ।
- ਭਾਰਤ ਨੂੰ ਅਤਿ-ਆਧੁਨਿਕ ਡਿਜੀਟਲ ਪ੍ਰਤਿਭਾ ਰਾਸ਼ਟਰ ਬਣਾਉਣ ਦੇ ਉਦੇਸ਼ ਨਾਲ ਫਿਊਚਰਸਕਿੱਲਸ ਪ੍ਰਾਈਮ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ ਹੈ। ਏਆਈ, ਬਿਗ ਡੇਟਾ ਐਨਾਲਿਟਿਕਸ, ਸਾਈਬਰ ਸੁਰੱਖਿਆ, ਬਲੌਕ ਚੇਨ, ਕਲਾਉਡ ਕੰਪਿਊਟਿੰਗ ਅਤੇ ਦੂਜੀ ਨਵੀਂ ਤਕਨਾਲੋਜੀ ਵਿੱਚ ਕੌਸ਼ਲ ਵਿਕਾਸ, ਮੁੜ ਕੌਸ਼ਲ ਵਿਕਾਸ, ਉੱਨਤ ਕੌਸ਼ਲ ਵਿਕਾਸ ਨਾਲ ਜੁੜੇ ਕੋਰਸ ਇੱਥੇ ਉਪਲਬਧ ਕਰਵਾਏ ਜਾਂਦੇ ਹਨ।
- http://futureskillsprime.in/ 'ਤੇ ਯੋਗਤਾ ਅਤੇ ਅਕਾਂਖਿਆਵਾਂ ਦੇ ਅਨੁਸਾਰ ਸਕਿੱਲ ਸਰਟੀਫਿਕੇਟ ਲਏ ਜਾ ਸਕਦੇ ਹਨ। ਹੁਣ ਤੱਕ 26.2 ਲੱਖ ਉਮੀਦਵਾਰਾਂ ਨੇ ਰਜਿਸਟ੍ਰੇਸ਼ਨ ਕਰਵਾਇਆ ਹੈ ਜਿਨ੍ਹਾਂ ਵਿੱਚੋਂ 16.6 ਲੱਖ ਨੂੰ ਟ੍ਰੇਂਡ ਕੀਤਾ ਗਿਆ ਹੈ।
- ਸਕਿੱਲ ਇੰਡੀਆ ਡਿਜੀਟਲ ਹੱਬ ਵੱਖ-ਵੱਖ ਵਿਦਿਆਰਥੀਆਂ ਦੀਆਂ ਕੁਸ਼ਲਤਾਵਾਂ ਦੇ ਅਨੁਸਾਰ ਸ਼ੁਰੂਆਤ ਤੋਂ ਲੈ ਕੇ ਉੱਨਤ ਪੱਧਰ ਤੱਕ ਦੇ ਏਆਈ ਅਤੇ ਮਸ਼ੀਨ ਲਰਨਿੰਗ ਪਾਠਕ੍ਰਮ ਪ੍ਰਦਾਨ ਕਰਦਾ ਹੈ ਤਾਂ ਜੋ ਹਰੇਕ ਇੱਛੁਕ ਪੇਸ਼ੇਵਰ ਏਆਈ -ਕੇਂਦ੍ਰਿਤ ਕਰੀਅਰ ਵੱਲ ਵਧ ਸਕੇ।




ਵਿਜ਼ਨ ਨੂੰ ਪੇਸ਼ ਕੀਤਾ। ਉਨ੍ਹਾਂ ਨੇ 'ਮਾਨਵ' ਦਾ ਅਰਥ ਇਸ ਤਰ੍ਹਾਂ ਨਾਲ ਸਮਝਾਇਆ :

- **ਐੱਮ- ਮੋਰਲ ਐਂਡ ਐਥਿਕਲ ਸਿਸਟਮ :** ਆਰਟੀਫਿਸ਼ੀਅਲ ਇੰਟੈਲੀਜੈਂਸ ਨੈਤਿਕ ਦਿਸ਼ਾ- ਨਿਰਦੇਸ਼ਾਂ 'ਤੇ ਅਧਾਰਿਤ ਹੋਣੀ ਚਾਹੀਦੀ ਹੈ।
- **ਏ -ਅਕਾਉਂਟੇਬਲ ਗਵਰਨੈਂਸ :** ਪਾਰਦਰਸ਼ੀ ਨਿਯਮ ਅਤੇ ਮਜ਼ਬੂਤ ਨਿਗਰਾਨੀ।
- **ਐੱਨ -ਨੈਸ਼ਨਲ ਸੌਵਰੈਂਟੀ :** ਡੇਟਾ ਉਸ ਦੇ ਅਸਲੀ ਮਾਲਕ ਦਾ ਹੈ।
- **ਏ- ਐਕਸੈੱਸਿਬਲ ਐਂਡ ਇੰਕਲਿਊਸਿਵ :** ਏਆਈ ਨੂੰ ਏਕਾਧਿਕਾਰ ਨਹੀਂ, ਸਗੋਂ ਗੁਣਕ ਬਣਨਾ ਚਾਹੀਦਾ ਹੈ।
- **ਵੀ- ਵੈਲਿਡ ਲੈਜ਼ੀਮੇਟ :** ਆਰਟੀਫਿਸ਼ੀਅਲ ਇੰਟੈਲੀਜੈਂਸ ਕਾਨੂੰਨੀ ਅਤੇ ਤਸਦੀਕ ਯੋਗ ਹੋਣੇ ਚਾਹੀਦੇ ਹਨ।

ਪ੍ਰਧਾਨ ਮੰਤਰੀ ਮੋਦੀ ਦਾ ਸਪਸ਼ਟ ਕਹਿਣਾ ਸੀ ਕਿ ਭਾਰਤ ਦਾ ਇਹ ਮਾਨਵ ਵਿਜ਼ਨ 21ਵੀਂ ਸਦੀ ਦੀ ਏਆਈ -ਸੰਚਾਲਿਤ ਦੁਨੀਆ ਵਿੱਚ ਮਨੁੱਖਤਾ ਦੀ ਭਲਾਈ ਦੇ ਲਈ ਇੱਕ ਮਹੱਤਵਪੂਰਨ ਕੜੀ ਬਣੇਗਾ। ਉਨ੍ਹਾਂ ਨੇ ਯਾਦ ਕਰਵਾਇਆ ਕਿ ਦਹਾਕਿਆਂ ਪਹਿਲਾਂ ਜਦੋਂ ਇੰਟਰਨੈੱਟ ਦੀ ਸ਼ੁਰੂਆਤ ਹੋਈ ਸੀ, ਤਾਂ ਕਿਸੇ ਨੇ ਕਲਪਨਾ ਵੀ ਨਹੀਂ ਕੀਤੀ ਸੀ ਕਿ ਇਸ ਨਾਲ ਕਿੰਨੇ ਰੁਜ਼ਗਾਰ ਪੈਦਾ ਹੋਣਗੇ। ਇਹੀ

## ਉੱਨਤ ਏਆਈ ਪ੍ਰਤਿਭਾ ਅਤੇ ਰਿਸਰਚ ਈਕੋ-ਸਿਸਟਮ

- ਇੰਡੀਆ ਏਆਈ ਮਿਸ਼ਨ ਦੇ ਤਹਿਤ, ਇੰਡੀਆ ਏਆਈ ਫਿਊਚਰ ਸਕਿੱਲਸ, ਗ੍ਰੈਜੁਏਟ, ਪੋਸਟ ਗ੍ਰੈਜੁਏਟ ਅਤੇ ਪੀਐੱਚਡੀ ਵਿਦਿਆਰਥੀਆਂ ਦੇ ਲਈ ਫੈਲੋਸ਼ਿਪ ਅਤੇ ਵਿਸ਼ੇਸ਼ ਕੌਸ਼ਲ –ਸੰਵਰਧਨ ਪਾਠਕ੍ਰਮਾਂ ਦੇ ਰਾਹੀਂ ਏਆਈ ਈਕੋਸਿਸਟਮ ਦਾ ਨਿਰਮਾਣ ਕੀਤਾ ਜਾ ਰਿਹਾ ਹੈ।
- ਇੰਡੀਆ ਏਆਈ ਫਿਊਚਰਸਕਿੱਲਸ ਵਿੱਚ ਦਸੰਬਰ 2025 ਤੱਕ 500 ਪੀਐੱਚਡੀ ਸਕਾਲਰਜ਼, 5,000 ਪੋਸਟ ਗ੍ਰੈਜੁਏਟਸ ਵਿਦਿਆਰਥੀਆਂ ਅਤੇ 8,000 ਗ੍ਰੈਜੁਏਟਸ ਵਿਦਿਆਰਥੀਆਂ ਨੂੰ ਸਹਾਇਤਾ ਦਿੱਤੀ ਜਾ ਰਹੀ ਹੈ। ਇਸ ਨਾਲ ਇਨੋਵੇਸ਼ਨ ਨੂੰ ਹੁਲਾਰਾ ਮਿਲੇਗਾ।
- ਟੀਅਰ -2/3 ਸ਼ਹਿਰਾਂ ਵਿੱਚ 27 ਇੰਡੀਆ ਏਆਈ ਡੇਟਾ ਅਤੇ ਏਆਈ ਲੈਬ ਸਥਾਪਿਤ ਕੀਤੇ ਗਏ ਹਨ ਤਾਂ ਜੋ ਏਆਈ, ਡੇਟਾ ਅਤੇ ਸਬੰਧਿਤ ਖੇਤਰਾਂ ਵਰਗੇ ਡੇਟਾ ਐਨੋਟੇਸ਼ਨ, ਡੇਟਾ ਕਿਊਰੇਸ਼ਨ, ਡੇਟਾ ਕਲੀਨਿੰਗ, ਡੇਟਾ ਸਾਇੰਸ ਨਾਲ ਜੁੜੇ ਪਾਠਕ੍ਰਮ ਉਪਲਬਧ ਕਰਵਾਏ ਜਾ ਸਕਣ।
- ਦੇਸ਼ ਦੀ ਆਈਟੀਆਈ ਅਤੇ ਪੌਲੀਟੈਕਨਿਕਲ ਸੰਸਥਾਨਾਂ ਵਿੱਚ 543 ਐਡੀਸ਼ਨਲ ਇੰਡੀਆ ਏਆਈ ਡੇਟਾ ਅਤੇ ਏਆਈ ਲੈਬਸ ਨੂੰ ਮਨਜ਼ੂਰੀ ਦਿੱਤੀ ਗਈ ਹੈ। ਇਸ ਨਾਲ ਮਹਾਨਗਰਾਂ ਤੋਂ ਪਰ੍ਹੇ ਏਆਈ ਸਮਰੱਥਾਵਾਂ ਦੀ ਬਰਾਬਰ ਵੰਡ ਨੂੰ ਯਕੀਨੀ ਬਣਾਏਗਾ।




## ਫਾਈਨੈਂਸ ਅਤੇ ਕਾਮਰਸ ਵਿੱਚ ਏਆਈ

**ਬੈਂਕਿੰਗ ਚੈਟਬੌਟ**

ਬੈਲੇਂਸ ਚੈੱਕ ਅਤੇ ਫੰਡ ਟ੍ਰਾਂਸਫਰ ਵਰਗੀ ਰੂਟੀਨ ਸਰਵਿਸ ਦੇ ਲਈ 24/7 ਮਦਦ ਦਿੰਦੇ ਹਨ, ਜਿਸ ਨਾਲ ਇੰਤਜ਼ਾਰ ਦਾ ਸਮਾਂ ਘੱਟ ਹੁੰਦਾ ਹੈ।



- ਏਆਈ ਫਾਈਨੈਂਸ਼ੀਅਲ ਸਕਿਓਰਿਟੀ, ਇਨਫਲੂਐਂਜਾ ਅਤੇ ਸਰਵਿਸ ਐਫੀਸ਼ਿਐਂਸੀ ਨੂੰ ਮਜ਼ਬੂਤ ਕਰ ਰਿਹਾ ਹੈ।
- ਏਆਈ-ਪਾਵਰਡ ਸਿਸਟਮ ਰੀਅਲ ਟਾਈਮ ਵਿੱਚ ਫ੍ਰੌਡ ਦਾ ਪਤਾ ਲਗਦਾ ਹੈ ਅਤੇ ਡਿਜੀਟਲ ਟ੍ਰਾਂਜੈਕਸ਼ਨ ਨੂੰ ਸਕਿਓਰ ਕਰਦਾ ਹੈ।
- ਏਆਈ –ਬੇਸਡ ਸਕੋਰਿੰਗ ਤੋਂ ਬਿਨਾ ਬੈਂਕ ਵਾਲੇ ਹੋਰ ਸੁਵਿਧਾ ਵਾਲੇ ਲੋਕਾਂ ਦੇ ਲੋਨ ਤੱਕ ਪਹੁੰਚ ਵਧਾਉਂਦੀ ਹੈ।
- ਏਆਈ ਡ੍ਰਿਵਨ ਪਰਸਨਲਾਈਜ਼ਡ ਨਾਲ ਕਸਟਮਾਈਜ਼ਡ ਪ੍ਰੋਜੈਕਟ ਅਤੇ ਸਲਾਹ ਮਿਲਦੀ ਹੈ।

## ਸ਼ਾਸਨ ਅਤੇ ਜਨਤਕ ਸੇਵਾਵਾਂ ਵਿੱਚ ਏਆਈ

- ਏਆਈ ਜਨਤਕ ਸੇਵਾਵਾਂ ਦੀ ਕੁਸ਼ਲਤਾ, ਪਹੁੰਚਯੋਗਤਾ ਅਤੇ ਪਾਰਦਰਸ਼ਿਤਾ ਨੂੰ ਵਧਾ ਰਿਹਾ ਹੈ।
- ਕੋਰਟ ਦੇ ਫੈਸਲਿਆਂ ਦਾ ਸਥਾਨਕ ਭਾਸ਼ਾਵਾਂ ਵਿੱਚ ਏਆਈ ਦੀ ਮਦਦ ਨਾਲ ਅਨੁਵਾਦ ਨਿਆਂ ਤੱਕ ਪਹੁੰਚ ਬਣਾਉਂਦਾ ਹੈ।
- ਏਆਈ ਯੋਜਨਾਵਾਂ ਅਤੇ ਐਪਲੀਕੇਸ਼ਨਾਂ ਦੀ ਪ੍ਰਕਿਰਿਆ ਵਿੱਚ ਲੱਗਣ ਵਾਲੇ ਸਮੇਂ ਨੂੰ ਘੱਟ ਕਰਦਾ ਹੈ। ਨਿਆਂਪਾਲਿਕਾ ਵਿੱਚ ਵੀ ਏਆਈ ਕੇਸ ਪ੍ਰਬੰਧਨ ਅਤੇ ਕਾਨੂੰਨੀ ਪਹੁੰਚ ਨੂੰ ਬਿਹਤਰ ਬਣਾਉਂਦਾ ਹੈ।

ਏਆਈ ਵਿੱਚ ਟ੍ਰੈਫਿਕ, ਵੇਸਟ ਮੈਨੇਜਮੈਂਟ ਅਤੇ ਜਨਤਕ ਸੁਰੱਖਿਆ ਪ੍ਰਣਾਲੀਆਂ ਨੂੰ ਬਿਹਤਰ ਬਣਾਇਆ ਜਾ ਰਿਹਾ ਹੈ।



ਸਥਿਤੀ ਅੱਜ ਏਆਈ ਦੇ ਸੰਦਰਭ ਵਿੱਚ ਵੀ ਹੈ ਕਿਉਂਕਿ ਭਵਿੱਖ ਵਿੱਚ ਕਿਸ ਤਰ੍ਹਾਂ ਦੇ ਰੁਜ਼ਗਾਰ ਸਿਰਜੇ ਜਾਣਗੇ, ਇਸ ਦਾ ਪੂਰਵ ਅਨੁਮਾਨ ਲਗਾਉਣਾ ਔਖਾ ਹੈ। ਏਆਈ ਦੀ ਵਰਤੋਂ ਨਾਲ ਉਸ ਦੇ ਭਵਿੱਖ ਦੀ ਦਿਸ਼ਾ ਨਿਰਧਾਰਿਤ ਹੋਵੇਗੀ ਅਤੇ ਇਸ ਸੰਦਰਭ ਵਿੱਚ ਪੀਐੱਮ ਮੋਦੀ ਨੇ ਕਿਹਾ ਕਿ ਏਆਈ ਵਿੱਚ ਕੰਮ ਦਾ ਭਵਿੱਖ ਪਹਿਲਾਂ ਨਿਰਧਾਰਿਤ ਨਹੀਂ ਹੁੰਦਾ ਹੈ, ਸਗੋਂ ਸਮੂਹਿਕ ਫੈਸਲਿਆਂ ਅਤੇ ਕੰਮਾਂ 'ਤੇ ਨਿਰਭਰ ਕਰੇਗਾ। ਇਸ ਮੰਚ ਤੋਂ ਭਾਰਤ ਨੇ ਸੁਨੇਹਾ ਦਿੱਤਾ ਕਿ ਏਆਈ ਦਾ ਸਹੀ ਪ੍ਰਭਾਵ ਉਦੋਂ ਹੀ ਦਿਸੇਗਾ, ਜਦੋਂ ਸਹੀ ਸਮੇਂ 'ਤੇ, ਸਹੀ ਨੀਅਤ ਨਾਲ, ਸਹੀ ਫੈਸਲੇ ਲਏ ਜਾਣ।

### 'ਏਆਈ ਫਾਰ ਆਲ' ਨਾਲ ਵਿਕਸਿਤ ਭਾਰਤ ਦਾ ਨਿਰਮਾਣ

ਭਾਰਤ ਨੇ ਏਆਈ ਫਾਰ ਆਲ ਦੀ ਭਾਵਨਾ ਤੋਂ ਪ੍ਰੇਰਿਤ ਹੋ ਕੇ ਸਰਕਾਰ ਦੇ ਪ੍ਰੋਗਰਾਮ ਤੈਅ ਕੀਤੇ ਹਨ, ਤਾਂ ਜੋ ਏਆਈ ਦੀ ਸਮਰੱਥਾ ਦਾ ਪੂਰਾ ਲਾਭ ਚੁੱਕਿਆ ਜਾ ਸਕੇ। ਪ੍ਰਧਾਨ ਮੰਤਰੀ ਮੋਦੀ ਦਾ ਵਿਜ਼ਨ ਕਲੀਅਰ ਹੈ ਕਿ ਏਆਈ ਸਿਰਫ਼ ਵੱਡੀਆਂ ਕੰਪਨੀਆਂ ਦੇ ਲਈ ਨਹੀਂ, ਸਗੋਂ ਏਆਈ ਫਾਰ ਇੰਡੀਆ ਦਾ ਮਤਲਬ ਏਆਈ ਫਾਰ ਆਲ ਹੈ। ਭਾਰਤ ਵਿੱਚ ਏਆਈ ਦਾ ਲੋਕਤੰਤਰੀਕਰਣ ਸਮਾਵੇਸ਼ੀ ਵਿਕਾਸ ਦਾ ਨਵਾਂ ਨੀਂਹ ਪੱਥਰ ਰੱਖ ਰਿਹਾ ਹੈ। ਹੁਣ ਵਿਕਸਿਤ ਭਾਰਤ ਦੀ ਯਾਤਰਾ ਦਾ



## ਚੱਕਰਵਾਤ ਦੀ ਨਿਗਰਾਨੀ

- ਭਾਰਤੀ ਮੌਸਮ ਵਿਭਾਗ ਸਮੁੰਦਰੀ ਤੂਫਾਨਾਂ ਅਤੇ ਚੱਕਰਵਾਤਾਂ 'ਤੇ ਨਜ਼ਰ ਰੱਖਣ ਦੇ ਲਈ ਸੈਟੇਲਾਈਟ ਅਧਾਰਿਤ ਆਰਟੀਫਿਸ਼ੀਅਲ ਇੰਟੈਲੀਜੈਂਸ ਟੂਲਸ ਦੀ ਵਰਤੋਂ ਕਰਦਾ ਹੈ। ਤੂਫਾਨ ਕਿੰਨਾ ਤਾਕਤਵਰ ਹੈ, ਇਸ ਦਾ ਪਤਾ ਲਗਾਉਣ ਵਿੱਚ ਐਡਵਾਂਸਡ ਇਵੋਰਕ ਤਕਨੀਕ ਮਦਦ ਕਰਦੀ ਹੈ। ਨਾਲ ਹੀ, ਆਈਐੱਮਡੀ ਮੌਸਮ ਦੀ ਭਵਿੱਖਬਾਣੀ ਕਰਨ ਵਾਲੇ ਯੂਰੋਪੀਅਨ ਕੇਂਦਰ (ਯੂਰੋਪੀਅਨ ਸੈਂਟਰ ਫਾਰ ਮੀਡੀਅਮ- ਰੇਂਜ ਵੈਦਰ ਫੋਰਕਾਸਟਿੰਗ) ਨਾਲ ਮਿਲਣ ਵਾਲੇ ਏਆਈ ਬੇਸਡ ਗਾਈਡੈਂਸ ਦੀ ਵੀ ਵਰਤੋਂ ਕਰਦਾ ਹੈ।

ਧਰਤੀ ਵਿਗਿਆਨ ਮੰਤਰਾਲੇ ਨੇ 22 ਪੇਟਾਫਲੌਪਸ ਦੀ ਭਾਰੀ ਸਮਰੱਥਾ ਵਾਲੇ ਹਾਈ-ਪਾਵਰ ਕੰਪਿਊਟਿੰਗ ਸਿਸਟਮ (ਸੁਪਰ ਕੰਪਿਊਟਰ) ਲਗਾਏ ਹਨ। ਇਸ ਸਿਸਟਮ ਦਾ ਲਗਭਗ 10 ਫੀਸਦੀ ਹਿੱਸਾ ਖਾਸ ਤੌਰ 'ਤੇ ਏਆਈ ਦੇ ਕੰਮਾਂ ਦੇ ਲਈ ਇਸਤੇਮਾਲ ਹੁੰਦਾ ਹੈ




- ਇਸ ਤੋਂ ਇਲਾਵਾ, ਮੌਸਮ ਦੀ ਭਵਿੱਖਬਾਣੀ ਵਿੱਚ ਏਆਈ ਅਤੇ ਮਸ਼ੀਨ ਲਰਨਿੰਗ ਰਿਸਰਚ ਦੇ ਲਈ ਵੱਖਰੇ ਤੌਰ 'ਤੇ ਗ੍ਰਾਫਿਕਸ ਪ੍ਰੋਸੈੱਸਿੰਗ ਯੂਨਿਟਸ ਵੀ ਲਗਾਏ ਗਏ ਹਨ।
- ਇਹ ਸ਼ਕਤੀਸ਼ਾਲੀ ਸਿਸਟਮ ਮੌਸਮ ਦਾ ਹੋਰ ਵੀ ਸਟੀਕ ਅਨੁਮਾਨ ਲਗਾਉਣ ਵਾਲੇ ਮਾਡਲ ਤਿਆਰ ਕਰਨ ਵਿੱਚ ਮਦਦ ਕਰਦੇ ਹਨ।



## ਜ਼ਮੀਨ ਖਿਸਕਣ, ਹੜ੍ਹ ਅਤੇ ਗਲੇਸ਼ੀਅਰ ਦੀ ਨਿਗਰਾਨੀ

- ਭਾਰਤ ਵਿੱਚ ਵਿਕਸਿਤ ਸਵਦੇਸ਼ੀ ਏਆਈ- ਅਧਾਰਿਤ ਜ਼ਮੀਨ ਖਿਸਕਣ ਦੀ ਚੇਤਾਵਨੀ ਪ੍ਰਣਾਲੀ ਹੁਣ ਪਹਾੜ ਖਿਸਕਣ ਨਾਲ ਤਿੰਨ ਘੰਟੇ ਪਹਿਲਾਂ ਹੀ ਅਲਰਟ ਦੇ ਦਿੰਦੀ ਹੈ। ਇਸ ਦੀ ਸਟੀਕਤਾ 90 ਫੀਸਦੀ ਤੋਂ ਵੀ ਵੱਧ ਹੈ। ਹਿਮਾਚਲ ਪ੍ਰਦੇਸ਼ ਵਿੱਚ 60 ਤੋਂ ਵੱਧ ਸਥਾਨਾਂ 'ਤੇ ਇਸ ਨੂੰ ਲਗਾਇਆ ਗਿਆ ਹੈ।
- ਇਸਰੋ ਦੁਆਰਾ ਫੰਡਿਡ (2021-24) ਇੰਡੀਅਨ ਲੈਂਡ ਡੇਟਾ ਐਸਿਮਿਲੇਸ਼ਨ ਸਿਸਟਮ (ਆਈਐੱਲਡੀਏਐੱਸ), ਰਿਮੋਟ ਸੈਂਸਿੰਗ ਅਤੇ ਵਿਸ਼ੇਸ਼ ਕੰਪਿਊਟਰ ਮੌਡਲਸ ਦੀ ਮਦਦ ਨਾਲ ਜ਼ਮੀਨ ਦੀ ਸਥਿਤੀ ਅਤੇ ਹੜ੍ਹਾਂ ਦੇ ਸੰਭਾਵਿਤ ਇਲਾਕਿਆਂ ਦਾ ਸਟੀਕ ਅਨੁਮਾਨ ਲੱਗਦਾ ਹੈ।
- BrahmaSATARK ਬ੍ਰਹਮਪੁੱਤਰ ਬੇਸਿਨ ਦੇ ਲਈ ਹੜ੍ਹਾਂ ਦਾ ਪੂਰਵ- ਅਨੁਮਾਨ ਦਿੰਦਾ ਹੈ ਜਦਕਿ GBM -CLIMPACT ਇੱਕ ਅਜਿਹੀ ਟੂਲ ਕਿੱਟ ਹੈ ਜੋ ਗੰਗਾ, ਬ੍ਰਹਮਪੁੱਤਰ ਅਤੇ ਮੇਘਨਾ ਬੇਸਿਨ ਵਿੱਚ ਜਲਵਾਯੂ ਪਰਿਵਰਤਨ ਦੇ ਪ੍ਰਭਾਵਾਂ ਅਤੇ ਜਲ ਖੇਤਰ ਦੀ ਤਿਆਰੀ ਦਾ ਮੁਲਾਂਕਣ ਕਰਦਾ ਹੈ।
- ਏਆਈ ਅਧਾਰਿਤ ਸਿਸਟਮ ਮਿਲ ਕੇ ਖ਼ਤਰੇ ਦੀ ਚੇਤਾਵਨੀ ਸਮੇਂ ਤੋਂ ਪਹਿਲਾਂ ਦਿੰਦੀ ਹੈ, ਜਿਸ ਨਾਲ ਲੋਕਾਂ ਨੂੰ ਸੁਰੱਖਿਅਤ ਕੱਢਣ ਦੀ ਯੋਜਨਾ ਬਣਾਉਣਾ ਅਸਾਨ ਹੋ ਜਾਂਦਾ ਹੈ।
- ਏਆਈ ਦੀ ਮਦਦ ਨਾਲ ਇਮਾਰਤਾਂ ਅਤੇ ਬਿਜਲੀ -ਪਾਣੀ ਵਰਗੇ ਬੁਨਿਆਦੀ ਢਾਂਚੇ ਦੇ ਨੁਕਸਾਨ ਨੂੰ ਘੱਟ ਕੀਤਾ ਜਾ ਸਕਦਾ ਹੈ। ਜਲਵਾਯੂ ਪਰਿਵਰਤਨ ਦੇ ਪ੍ਰਤੀ ਸੰਵੇਦਨਸ਼ੀਲ ਇਲਾਕਿਆਂ ਵਿੱਚ ਰਹਿਣ ਵਾਲੇ ਭਾਈਚਾਰਿਆਂ ਨੂੰ ਸੁਰੱਖਿਅਤ ਰੱਖਿਆ ਜਾ ਸਕਦਾ ਹੈ।

ਮਹੱਤਵਪੂਰਨ ਥੰਮ੍ਹ ਹੈ –ਏਆਈ ਫਾਰ ਆਲ। ਭਾਰਤ ਏਆਈ ਨੂੰ ਲੋਕਤੰਤਰੀ ਬਣਾ ਰਿਹਾ ਹੈ। ਯਾਨੀ ਸਸਤੀ ਕੰਪਿਊਟਿੰਗ ਪਾਵਰ ਅਤੇ ਓਪਨ ਡੇਟਾ ਤੱਕ ਅਸਾਨ ਪਹੁੰਚ। ਏਆਈ ਦੇ ਲੋਕਤੰਤਰੀਕਰਣ ਦਾ ਅਰਥ ਹੈ –ਏਆਈ ਸਮਰੱਥਾ, ਉਪਕਰਣ ਅਤੇ ਲਾਭ ਦੀ ਬਰਾਬਰ ਵੰਡ। ਇਹ ਸਿਰਫ਼ ਮੁੱਠੀ ਭਰ ਟੈੱਕ ਮਾਹਿਰ ਜਾਂ ਕੰਪਨੀ ਤੱਕ ਸੀਮਤ ਨਹੀਂ ਰਹੇ, ਸਗੋਂ ਏਆਈ ਵਰਗੀ ਵਿਸ਼ੇਸ਼ ਤਕਨੀਕ ਦਾ ਲਾਭ ਹਰ ਸਟਾਰਟਅੱਪ, ਹਰ ਰਿਸਰਚਰ, ਹਰ ਵਿਦਿਆਰਥੀ ਅਤੇ ਹਰ ਰਾਜ ਤੱਕ ਪਹੁੰਚੇ। ਇਸ ਲਈ ਭਾਰਤ ਅੱਜ ਇੰਡੀਆ ਏਆਈ ਮਿਸ਼ਨ ਦੇ ਰਾਹੀਂ ਏਆਈ ਰਿਸਰਚ, ਸਕਿੱਲਿੰਗ ਅਤੇ ਕੰਪਿਊਟਰ ਇਨਫ੍ਰਾਸਟ੍ਰਕਚਰ ਨੂੰ ਦੇਸ਼ ਦੇ ਕੋਨੇ-ਕੋਨੇ ਤੱਕ ਪਹੁੰਚਾ ਰਿਹਾ ਹੈ। ਡੇਟਾ ਸੈਂਟਰਸ ਤੋਂ ਲੈ ਕੇ ਡਿਜੀਟਲ ਪਬਲਿਕ ਇਨਫ੍ਰਾਸਟ੍ਰਕਚਰ ਤੱਕ, ਭਾਰਤ ਮਜ਼ਬੂਤ ਏਆਈ ਈਕੋਸਿਸਟਮ ਬਣਾ ਰਿਹਾ ਹੈ। ਜਿਸ ਦਾ ਜ਼ਮੀਨੀ ਅਸਰ ਵੀ ਦਿਸ ਰਿਹਾ ਹੈ। ਏਆਈ ਨਾਲ ਕਿਸਾਨਾਂ ਨੂੰ ਸਹੀ ਮੌਸਮ ਦੀ ਜਾਣਕਾਰੀ, ਵਿਦਿਆਰਥੀਆਂ ਨੂੰ ਪਰਸਨਲ ਲਰਨਿੰਗ , ਡਾਕਟਰਾਂ ਨੂੰ ਸਟੀਕ ਡਾਇਗਨੌਸਟਿਕ ਅਤੇ ਸਟਾਰਟਅੱਪਸ ਨੂੰ ਆਲਮੀ ਮੁਕਾਬਲੇਬਾਜ਼ੀ ਦੀ ਤਾਕਤ ਮਿਲ ਰਹੀ ਹੈ। ਭਾਰਤ ਦਾ ਸੰਕਲਪ ਹੈ –ਏਆਈ ਫਾਰ ਆਲ। ਏਆਈ



## ਜਲਵਾਯੂ ਅਤੇ ਮੌਸਮ ਦੀਆਂ ਭਵਿੱਖਬਾਣੀਆਂ ਦੇ ਲਈ ਨਵੇਂ ਏਆਈ ਟੂਲਸ

- ਮੌਸਮ ਜੀਪੀਟੀ (Mausam GPT) ਨਾਂ ਦਾ ਇੱਕ ਏਆਈ ਚੈਟਬੌਟ ਵਿਕਸਿਤ ਕੀਤਾ ਜਾ ਰਿਹਾ ਹੈ ਜੋ ਕਿਸਾਨਾਂ ਅਤੇ ਹੋਰ ਲੋਕਾਂ ਨੂੰ ਜਲਵਾਯੂ ਅਤੇ ਮੌਸਮ ਬਾਰੇ ਸਲਾਹ ਦੇਵੇਗਾ।
- ਬਾਰਸ਼ ਦੇ ਪੈਟਰਨ ਦਾ ਪਹਿਲਾਂ ਅਨੁਮਾਨ ਲਗਾਉਣ ਅਤੇ ਭਵਿੱਖਬਾਣੀ ਕਰਨ ਲਈ ਏਆਈ ਖੋਜ ਕਰ ਰਹੀ ਹੈ।
- ਏਆਈ ਦਾ ਉਪਯੋਗ ਹੁਣ ਅੱਗ ਦੀਆਂ ਘਟਨਾਵਾਂ, ਕੋਹਰਾ, ਬਿਜਲੀ ਡਿੱਗਣ ਅਤੇ ਗਰਜ ਦੇ ਨਾਲ ਤੂਫਾਨ ਆਉਣ ਦੀ ਭਵਿੱਖਬਾਣੀ ਕਰਨ ਦੇ ਲਈ ਕੀਤਾ ਜਾ ਰਿਹਾ ਹੈ।
- ਡੀਪ ਲਰਨਿੰਗ ਤਕਨੀਕ ਮੌਸਮ ਵਿੱਚ ਮੀਂਹ ਦੀ ਸਟੀਕ ਭਵਿੱਖਬਾਣੀਆਂ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਦੀ ਹੈ।

### ਏਆਈ ਦੇ ਨਾਲ ਬਦਲਦਾ ਭਾਰਤ

ਇੰਡੀਆ ਏਆਈ ਮਿਸ਼ਨ ਦੇ ਲਈ ਪੰਜ ਵਰ੍ਹਿਆਂ ਦੌਰਾਨ 10,300 ਕਰੋੜ ਰੁਪਏ ਤੋਂ ਵੱਧ ਅਲਾਟ ਅਤੇ 38,000 ਗ੍ਰਾਫਿਕਸ ਪ੍ਰੋਸੈੱਸਿੰਗ ਯੂਨਿਟ (ਜੀਪੀਯੂ) ਸਮਾਵੇਸ਼ੀ ਨਵੀਨਤਾ ਨੂੰ ਸਮਰੱਥ ਬਣਾ ਰਹੇ ਹਨ।

**60** ਲੱਖ ਲੋਕ ਤਕਨਾਲੋਜੀ ਅਤੇ ਏਆਈ ਈਕੋਸਿਸਟਮ ਵਿੱਚ ਕੰਮ ਕਰ ਰਹੇ ਹਨ।

ਇਸ ਵਰ੍ਹੇ ਭਾਰਤੀ ਤਕਨਾਲੋਜੀ ਖੇਤਰ ਵਿੱਚ ਰੈਵੇਨਿਊ ਦੇ 280 ਬਿਲੀਅਨ ਡਾਲਰ ਦਾ ਅੰਕੜਾ ਪਾਰ ਜਾਣ ਦਾ ਅਨੁਮਾਨ ਹੈ।

**1.7** ਟ੍ਰਿਲੀਅਨ ਡਾਲਰ ਏਆਈ ਭਾਰਤ ਦੀ ਅਰਥਵਿਵਸਥਾ ਵਿੱਚ ਜੋੜ ਸਕਦਾ ਹੈ ਵਰ੍ਹੇ 2035 ਤੱਕ।



## ਦੈਨਿਕ ਜੀਵਨ ਅਤੇ ਕਾਰਜ ਵਿੱਚ ਏਆਈ

- ਏਆਈ ਇਨੋਵੇਸ਼ਨ ਦੀ ਇੱਕ ਨਵੀਂ ਲਹਿਰ ਚਲ ਰਹੀ ਹੈ ਜੋ ਦੈਨਿਕ ਜੀਵਨ ਦੇ ਹਰ ਹਿੱਸੇ ਨੂੰ ਪ੍ਰਭਾਵਿਤ ਕਰਦੀ ਹੈ। ਸਿਹਤ ਸੇਵਾ ਅਤੇ ਖੇਤੀਬਾੜੀ ਤੋਂ ਲੈ ਕੇ ਸਿੱਖਿਆ, ਸ਼ਾਸਨ ਅਤੇ ਜਲਵਾਯੂ ਭਵਿੱਖਬਾਣੀ ਤੱਕ।
- ਇਹ ਡਾਕਟਰਾਂ ਨੂੰ ਤੇਜ਼ੀ ਨਾਲ ਰੋਗਾਂ ਦਾ ਨਿਦਾਨ ਕਰਨ ਵਿੱਚ ਮਦਦ ਕਰਦੀ ਹੈ। ਕਿਸਾਨਾਂ ਨੂੰ ਡੇਟਾ-ਅਧਾਰਿਤ ਫੈਸਲੇ ਲੈਣ ਵਿੱਚ ਸਹਾਇਤਾ ਪ੍ਰਦਾਨ ਕਰਦੀ ਹੈ। ਵਿਦਿਆਰਥੀਆਂ ਦੀ ਸਿੱਖਿਆ ਵਿੱਚ ਸੁਧਾਰ ਕਰਦੀ ਹੈ ਅਤੇ ਸ਼ਾਸਨ ਨੂੰ ਵੱਧ ਕੁਸ਼ਲ ਅਤੇ ਪਾਰਦਰਸ਼ੀ ਬਣਾਉਂਦੀ ਹੈ।
- ਇਸ ਪਰਿਵਰਤਨ ਦੇ ਕੇਂਦਰ ਵਿੱਚ ਵੱਡਾ ਭਾਸ਼ਾ ਮਾਡਲ (ਐੱਲਐੱਲਐੱਮ- ਲਾਰਜ ਲੈਂਗਵੇਜ ਮਾਡਲ) ਹੈ। ਇਹ ਇੱਕ ਉੱਨਤ ਏਆਈ ਪ੍ਰਣਾਲੀ ਹੈ ਜੋ ਵਿਸ਼ਾਲ ਡੇਟਾ ਤੋਂ ਸਿੱਖਿਆ ਲੈ ਕੇ ਮਨੁੱਖ ਦੇ ਸਮਾਨ ਟੈਕਸਟ ਨੂੰ ਸਮਝਣ ਅਤੇ ਉਤਪੰਨ ਕਰਨ ਵਿੱਚ ਸਮਰੱਥ ਹੁੰਦੀ ਹੈ।
- ਭਾਰਤ ਦਾ ਏਆਈ ਦ੍ਰਿਸ਼ਟੀਕੋਣ ਸਿਰਫ ਤਕਨਾਲੋਜੀ ਤੱਕ ਸੀਮਤ ਨਹੀਂ ਹੈ। ਇਹ ਸਮਾਵੇਸ਼ਨ ਅਤੇ ਸਸ਼ਕਤੀਕਰਣ ‘ਤੇ ਕੇਂਦ੍ਰਿਤ ਹੈ। ਰਾਸ਼ਟਰੀ ਪਹਿਲਕਦਮੀਆਂ ਅਤੇ ਆਲਮੀ ਸਹਿਯੋਗ ਰਾਹੀਂ, ਏਆਈ ਦਾ ਉਪਯੋਗ ਅਸਲ ਦੁਨੀਆ ਦੀਆਂ ਚੁਣੌਤੀਆਂ ਦਾ ਸਮਾਧਾਨ ਕਰਨ, ਜਨਤਕ ਸੇਵਾਵਾਂ ਨੂੰ ਬਿਹਤਰ ਬਣਾਉਣ ਅਤੇ ਹਰ ਨਾਗਰਿਕ ਲਈ ਮੌਕਿਆਂ ਨੂੰ ਵੱਧ ਸੁਲਭ ਬਣਾਉਣ ਵਿੱਚ ਕੀਤਾ ਜਾ ਰਿਹਾ ਹੈ।

ਬਾਈ ਇੰਡੀਆ, ਏਆਈ ਫਾਰ ਦ ਵਰਲਡ ਅਤੇ ਇਹੀ ਹੈ ਏਆਈ ਇਨਫ੍ਰਾਸਟ੍ਰਕਚਰ ਦਾ ਸੱਚਾ ਲੋਕਤੰਤਰੀਕਰਣ। ਇਹੀ ਹੈ ਨਵੇਂ ਭਾਰਤ ਦੀ ਪਹਿਚਾਣ, ਜਿੱਥੇ ਵਿਕਾਸ ਦੇ ਕੇਂਦਰ ਵਿੱਚ ਹੈ ਮਨੁੱਖਤਾ ਦੀ ਭਲਾਈ ਦੇ ਲਈ ਤਕਨੀਕ ਦਾ ਪ੍ਰਯੋਗ। ਭਾਰਤ ਦੀ ਏਆਈ ਕ੍ਰਾਂਤੀ ਦੀ ਵਿਸ਼ੇਸ਼ਤਾ ਦੁਨੀਆ ਦੇ ਹੋਰ ਦੇਸ਼ਾਂ ਦੇ ਮੁਕਾਬਲੇ ਅਲੱਗ ਹੈ। ਇੱਥੇ ਏਆਈ ਨੂੰ ਸਿਰਫ ਆਰਥਿਕ ਲਾਭ ਦੇ ਨਜ਼ਰੀਏ ਨਾ ਨਹੀਂ, ਸਗੋਂ ਸਮਾਜਿਕ ਬਦਲਾਅ ਦੇ ਸਸ਼ਕਤ ਉਪਕਰਣ ਦੇ ਰੂਪ ਵਿੱਚ ਅਪਣਾਇਆ ਜਾ ਰਿਹਾ ਹੈ।

### ਮਨੁੱਖ-ਕੇਂਦ੍ਰਿਤ ਤਕਨੀਕ ਵੱਲ ਵਧਦਾ ਭਾਰਤ

ਵਰ੍ਹੇ 2026 ਵਿੱਚ ਆਯੋਜਿਤ ਏਆਈ ਇੰਡੀਆ ਇੰਪੈਕਟ ਸਮਿਟ ਸਿਰਫ ਇੱਕ ਤਕਨੀਕੀ ਆਯੋਜਨ ਨਹੀਂ, ਸਗੋਂ ਉਸ ਨਵੇਂ ਭਾਰਤ ਦੀ ਤਸਵੀਰ ਹੈ ਜੋ ਤਕਨੀਕ ਨੂੰ ਮਨੁੱਖਤਾ ਅਤੇ ਸਮਾਜ ਦੀ ਸੇਵਾ ਨਾਲ ਜੋੜਦਾ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਭਾਰਤ ਨੇ ਡਿਜੀਟਲ ਬਦਲਾਅ ਦੀ ਜੋ ਯਾਤਰਾ ਸ਼ੁਰੂ ਕੀਤੀ ਸੀ, ਉਹ ਹੁਣ ਆਰਟੀਫਿਸ਼ੀਅਲ ਇੰਟੈਲੀਜੈਂਸ ਭਾਵ ਏਆਈ ਦੇ ਵੱਡੇ ਵਿਜ਼ਨ ਵਿੱਚ ਬਦਲ ਚੁੱਕੀ ਹੈ। ਸਰਲ ਸ਼ਬਦਾਂ ਵਿੱਚ ਕਹੀਏ ਤਾਂ ਏਆਈ ਭਾਵ

## ਆਰਟੀਫਿਸ਼ੀਅਲ ਇੰਟੈਲੀਜੈਂਸ... ਸਸ਼ਕਤ ਭਾਰਤ

# ਏਆਈ ਦੇ ਜੋਖਮਾਂ ਨੂੰ ਘੱਟ ਕਰਨ ਵਾਲੇ ਕਾਨੂੰਨ

**ਸਵੈਚਾਲਿਤ ਫ਼ੈਸਲਿਆਂ ਵਿੱਚ ਏਆਈ ਦੀ ਵਧਦੀ ਵਰਤੋਂ ਨਾਲ ਉਲਝਣ, ਪੱਖਪਾਤ, ਗਲਤ ਜਾਣਕਾਰੀ ਅਤੇ ਡੀਪਫੇਕ ਜਿਹੇ ਖਤਰੇ ਪੈਦਾ ਹੋ ਰਹੇ ਹਨ। ਭਾਰਤ ਦਾ ਮੰਨਣਾ ਹੈ ਕਿ ਇਨ੍ਹਾਂ ਚੁਣੌਤੀਆਂ ਨਾਲ ਨਜਿੱਠਣ ਲਈ ਕਾਨੂੰਨ ਬਣਾਉਣ ਦੇ ਨਾਲ-ਨਾਲ ਏਆਈ ਸ਼ਾਸਨ ਨੂੰ ਨਵੀਆਂ ਅਤੇ ਉੱਨਤ ਤਕਨੀਕਾਂ ਨਾਲ ਵੀ ਸਸ਼ਕਤ ਬਣਾਉਣਾ ਜ਼ਰੂਰੀ ਹੈ, ਤਾਂ ਜੋ ਪ੍ਰਭਾਵਸ਼ਾਲੀ ਅਤੇ ਸੁਰੱਖਿਅਤ ਵਿਵਸਥਾ ਬਣਾਈ ਜਾ ਸਕੇ ਯਕੀਨੀ...**

### ਸੂਚਨਾ ਤਕਨਾਲੋਜੀ ਐਕਟ, 2000

- ਗਲਤ ਜਾਣਕਾਰੀ, ਡੀਪਫੇਕ ਨਾਲ ਧੋਖਾਧੜੀ ਜਾਂ ਪਛਾਣ ਦੀ ਚੋਰੀ, ਧੋਖਾਧੜੀ ਦੇ ਲਈ ਕੰਪਿਊਟਰ ਦੀ ਵਰਤੋਂ, ਕਿਸੇ ਵਿਅਕਤੀ ਦੀ ਸਹਿਮਤੀ ਦੇ ਬਿਨਾ ਉਸ ਦੇ ਨਿਜੀ ਖੇਤਰ ਦੀ ਤਸਵੀਰ ਨੂੰ ਕੈਪਚਰ ਕਰਨ, ਪ੍ਰਕਾਸ਼ਿਤ ਜਾਂ ਪ੍ਰਸਾਰਿਤ ਕਰਨ ਨਾਲ ਸਬੰਧਿਤ ਅਪਰਾਧਾਂ ਨਾਲ ਨਜਿੱਠਣ ਲਈ ਪ੍ਰਾਵਧਾਨ ਕੀਤੇ ਗਏ ਹਨ।
- ਅਸ਼ਲੀਲ ਸਮੱਗਰੀ ਦਾ ਪ੍ਰਕਾਸ਼ਨ ਜਾਂ ਪ੍ਰਸਾਰਣ ਜੋ ਡੀਪਫੇਕ ਤਕਨਾਲੋਜੀ ਦੀ ਵਰਤੋਂ ਕਰਕੇ ਤਿਆਰ ਕੀਤੇ ਜਾ ਸਕਦੇ ਹਨ, ਇਸ ਨੂੰ ਸਜ਼ਾ ਯੋਗ ਅਪਰਾਧ ਐਲਾਨਿਆ ਗਿਆ ਹੈ।



### ਭਾਰਤੀਯ ਨਯਾਯ ਸੰਹਿਤਾ, 2023

- ਬੀਐੱਨਐੱਸ ਦੀ ਧਾਰਾ 111 ਵਿੱਚ ਕਿਸੇ ਵਿਅਕਤੀ ਵਿਸ਼ੇਸ਼ ਜਾਂ ਵਿਅਕਤੀਆਂ ਦੇ ਸਮੂਹ ਦੁਆਰਾ ਸੰਗਠਿਤ ਅਪਰਾਧ ਸਿੰਡੀਕੇਟ ਦੇ ਮੈਂਬਰ ਦੇ ਰੂਪ ਵਿੱਚ ਜਾਂ ਅਜਿਹੇ ਸਿੰਡੀਕੇਟ ਵੱਲੋਂ ਆਰਥਿਕ ਅਪਰਾਧ, ਸਾਈਬਰ ਅਪਰਾਧ ਸਮੇਤ ਕਿਸੇ ਵੀ ਗੈਰ-ਕਾਨੂੰਨੀ ਗਤੀਵਿਧੀ ਜਾਰੀ ਰੱਖਣ ‘ਤੇ ਉਸ ਨੂੰ ਸਜ਼ਾਯੋਗ ਕਰਨ ਦਾ ਪ੍ਰਾਵਧਾਨ ਹੈ।
- ਬੀਐੱਨਐੱਸ ਦੀ ਵੱਖ-ਵੱਖ ਧਾਰਾਵਾਂ ਵਿੱਚ ਵੀ ਮਾਣਹਾਨੀ, ਧੋਖਾਧੜੀ ਅਤੇ ਸਾਈਬਰ ਅਪਰਾਧਾਂ ਨਾਲ ਨਜਿੱਠਣ ਲਈ ਪ੍ਰਾਵਧਾਨ ਕੀਤੇ ਗਏ ਹਨ।



### ਡਿਜੀਟਲ ਪਰਸਨਲ ਡੇਟਾ ਪ੍ਰੋਟੈਕਸ਼ਨ ਐਕਟ, 2023



- ਡਿਜੀਟਲ ਪਰਸਨਲ ਡੇਟਾ ਪ੍ਰੋਟੈਕਸ਼ਨ ਐਕਟ, 2023 ਅਤੇ ਡਿਜੀਟਲ ਪਰਸਨਲ ਡੇਟਾ ਪ੍ਰੋਟੈਕਸ਼ਨ ਨਿਯਮ, 2025 ਨੂੰ 13 ਨਵੰਬਰ, 2025 ਨੂੰ ਨੋਟੀਫਾਇਡ ਕੀਤਾ ਗਿਆ ਹੈ।
- ਇਸ ਐਕਟ ਵਿੱਚ ਡਿਜੀਟਲ ਪਰਸਨਲ ਡੇਟਾ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਡੇਟਾ ਫਿਡਯੂਸ਼ਰੀਜ ਨੂੰ ਸੌਂਪੀ ਗਈ ਹੈ, ਉਨ੍ਹਾਂ ਨੂੰ ਜਵਾਬਦੇਹ ਬਣਾਇਆ ਗਿਆ ਹੈ।
- ਇਹ ਨਾਗਰਿਕਾਂ ਨੂੰ ਆਪਣੇ ਡੇਟਾ ‘ਤੇ ਕੰਟਰੋਲ ਪ੍ਰਦਾਨ ਕਰਦਾ ਹੈ। ਕੋਈ ਵੀ ਏਜੰਸੀ ਸਹਿਮਤੀ ਦੇ ਬਿਨਾ ਡੇਟਾ ਦੀ ਵਰਤੋਂ ਨਹੀਂ ਕਰ ਸਕਦੀ।
- ਐੱਸਪੀਡੀਆਈ ਨਿਯਮ ਵਿੱਚ ਪ੍ਰਾਵਧਾਨ ਹੈ ਕਿ ਦੱਸੇ ਗਏ ਉਦੇਸ਼ਾਂ ਲਈ ਹੀ ਡੇਟਾ ਉਪਯੋਗ ਕੀਤਾ ਜਾਣਾ ਚਾਹੀਦਾ ਹੈ। ਕਿਸੇ ਤੀਸਰੀ ਧਿਰ ਨੂੰ ਡੇਟਾ ਦੇਣ ਤੋਂ ਪਹਿਲਾਂ ਸਹਿਮਤੀ ਜ਼ਰੂਰੀ ਹੈ।

ਆਰਟੀਫਿਸ਼ੀਅਲ ਇੰਟੈਲੀਜੈਂਸ ਉਹ ਤਕਨੀਕ ਹੈ ਜੋ ਮਸ਼ੀਨਾਂ ਨੂੰ ਸੋਚਣ ਅਤੇ ਸਿੱਖਣ ਦੀ ਸਮਰੱਥਾ ਦਿੰਦੀ ਹੈ। ਜਿਸ ਤਰ੍ਹਾਂ ਮਨੁੱਖ ਅਨੁਭਵ ਤੋਂ ਸਿੱਖਦਾ ਹੈ, ਪੈਟਰਨ ਨੂੰ ਪਛਾਣਦਾ ਹੈ ਅਤੇ ਫ਼ੈਸਲੇ ਲੈਂਦਾ ਹੈ, ਉਸੇ ਤਰ੍ਹਾਂ ਏਆਈ ਸਿਸਟਮ ਵੀ ਡੇਟਾ ਦੇ ਅਧਾਰ ‘ਤੇ ਸਿੱਖਦੇ ਹਨ ਅਤੇ ਫ਼ੈਸਲੇ ਲੈਂਦੇ ਹਨ। ਉਦਾਹਰਣ ਵਜੋਂ ਇਸ ਨੂੰ ਇਸ ਤਰ੍ਹਾਂ ਸਮਝੋ ਕਿ ਜਿਵੇਂ ਤੁਹਾਡੇ ਮੋਬਾਈਲ ਦਾ ਫੇਸ ਅਨਲੌਕ, ਗੂਗਲ ਮੈਪ ‘ਤੇ ਟ੍ਰੈਫਿਕ ਦੀ ਜਾਣਕਾਰੀ, ਔਨਲਾਈਨ ਸ਼ੌਪਿੰਗ ਵਿੱਚ ਤੁਹਾਡੇ ਲਈ ਸੁਝਾਅ, ਅਤੇ ਚੈਟਬੌਟ ਦੁਆਰਾ ਜੋ ਜਵਾਬ ਮਿਲਦੇ ਹਨ, ਇਹ ਸਾਰੇ ਏਆਈ ਦੇ ਰੂਪ ਹਨ। ਮਸ਼ੀਨ ਲਰਨਿੰਗ, ਡੀਪਲਰਨਿੰਗ ਅਤੇ ਨੈਚੁਰਲ ਲੈਂਗਵੇਜ ਪ੍ਰੋਸੈੱਸਿੰਗ ਸਿਸਟਮ ਨਾਲ ਕੰਪਿਊਟਰ ਭਾਸ਼ਾ ਨੂੰ ਸਮਝਦੇ, ਤਸਵੀਰਾਂ ਨੂੰ ਪਛਾਣਦੇ ਅਤੇ ਭਵਿੱਖਬਾਣੀ ਕਰਦੇ ਹਨ। ਅੱਜ ਏਆਈ ਸਿਰਫ਼ ਸੁਵਿਧਾ ਹੀ ਨਹੀਂ, ਸਗੋਂ ਵਿਕਾਸ ਦਾ ਇੰਜਣ ਬਣ ਚੁੱਕਿਆ ਹੈ। ਦੁਨੀਆ ਭਰ ਵਿੱਚ ਅਨੁਮਾਨ ਲਗਾਇਆ ਜਾਂਦਾ ਹੈ ਕਿ ਆਉਣ ਵਾਲੇ ਵਰ੍ਹਿਆਂ ਵਿੱਚ ਏਆਈ ਵਿਸ਼ਵਵਿਆਪੀ ਅਰਥਵਿਵਸਥਾ ਵਿੱਚ ਖਰਬਾਂ ਡਾਲਰਾਂ ਦਾ ਯੋਗਦਾਨ ਦੇਵੇਗੀ। ਉਦਯੋਗਾਂ ਵਿੱਚ ਆਟੋਮੇਸ਼ਨ ਹੋਵੇ ਜਾਂ ਤੇਜ਼ ਉਤਪਾਦਨ, ਲਾਗਤ ਵਿੱਚ ਕਮੀ ਹੋਵੇ ਜਾਂ ਬਿਹਤਰ ਸੇਵਾਵਾਂ, ਏਆਈ ਲੱਖਾਂ-

ਕਵਰ ਸਟੋਰੀ

## ਆਈਟੀ ਨਿਯਮ, 2021

- ਆਈਟੀ ਨਿਯਮ ਵਿੱਚ ਸੋਸ਼ਲ ਮੀਡੀਆ ਪਲੈਟਫਾਰਮਾਂ ਨੂੰ ਸੁਰੱਖਿਅਤ ਅਤੇ ਭਰੋਸੇਯੋਗ ਇੰਟਰਨੈੱਟ ਦੇ ਪ੍ਰਤੀ ਉਨ੍ਹਾਂ ਦੀ ਜਵਾਬਦੇਹੀ ਨੂੰ ਯਕੀਨੀ ਬਣਾਉਣ ਲਈ ਵਿਸ਼ੇਸ਼ ਕਾਨੂੰਨੀ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਹਨ। ਇਸ ਵਿੱਚ ਗਲਤ ਜਾਣਕਾਰੀ, ਝੂਠੀਆਂ ਖ਼ਬਰਾਂ ਅਤੇ ਡੀਪਫੇਕ ਨੂੰ ਹਟਾਉਣ ਦੀ ਦਿਸ਼ਾ ਵਿੱਚ ਤੇਜ਼ ਕਾਰਵਾਈ ਸ਼ਾਮਲ ਹੈ।
- ਕਾਨੂੰਨੀ ਜ਼ਿੰਮੇਵਾਰੀਆਂ ਦੀ ਪਾਲਣਾ ਕਰਨ ਵਿੱਚ ਵਿਚੋਲਿਆਂ ਦੀ ਅਸਫਲਤਾ ਦੀ ਸਥਿਤੀ ਵਿੱਚ, ਮੌਜੂਦਾ ਕਾਨੂੰਨਾਂ ਦੇ ਤਹਿਤ ਕਾਰਵਾਈ ਜਾਂ ਮੁਕੱਦਮੇ ਲਈ ਜ਼ਿੰਮੇਵਾਰ ਹੋਣਗੇ।
- ਵਿਚੋਲਿਆਂ ਵੱਲੋਂ ਸ਼ਿਕਾਇਤ ਨਿਵਾਰਣ ਪ੍ਰਣਾਲੀ ਦਾ ਪ੍ਰਾਵਧਾਨ ਕੀਤਾ ਗਿਆ ਹੈ ਜਿਸ ਵਿੱਚ ਹੋਰ ਗੱਲਾਂ ਦੇ ਨਾਲ-ਨਾਲ ਪੀੜ੍ਹਤ ਨੂੰ ਪ੍ਰਭਾਵਿਤ ਕਰਨ ਵਾਲੀ ਵਿਗੜੀ ਹੋਈ ਜਾਂ ਆਰਟੀਫਿਸ਼ੀਅਲ ਤਰੀਕੇ ਨਾਲ ਬਣਾਈਆਂ ਗਈਆਂ ਤਸਵੀਰਾਂ ਨਾਲ ਸਬੰਧਿਤ ਕਿਸੇ ਵੀ ਸ਼ਿਕਾਇਤ ਦਾ ਨਿਪਟਾਰਾ ਕਰਨ ਦੇ ਲਈ 24 ਘੰਟਿਆਂ ਦੀ ਸਮੇਂ ਸੀਮਾ ਦਾ ਪ੍ਰਾਵਧਾਨ ਕੀਤਾ ਗਿਆ ਹੈ।

ਗ੍ਰਹਿ ਮੰਤਰਾਲੇ ਨੇ ਸਾਈਬਰ ਅਪਰਾਧਾਂ ਦੀ ਰਿਪੋਰਟ ਕਰਨ ਦੇ ਲਈ ਇੱਕ ਸਮਰਪਿਤ ਪੋਰਟਲ [cybercrime.gov.in] ਲਾਂਚ ਕੀਤਾ ਹੈ। ਟੋਲ-ਫ੍ਰੀ ਨੰਬਰ 1930 'ਤੇ ਵੀ ਕਾਲ ਕੀਤੀ ਜਾ ਸਕਦੀ ਹੈ। ਭਾਰਤ ਕਾਨੂੰਨੀ ਸੁਰੱਖਿਆ ਉਪਾਵਾਂ ਨੂੰ ਤਕਨੀਕੀ ਹੱਲਾਂ ਦੇ ਨਾਲ ਜੋੜ ਰਿਹਾ ਹੈ। ਡੀਪਫੇਕ ਦਾ ਪਤਾ ਲਗਾਉਣ, ਗੋਪਤਤਾ ਵਧਾਉਣ ਅਤੇ ਸਾਈਬਰ ਸੁਰੱਖਿਆ ਦੇ ਲਈ ਏਆਈ ਉਪਕਰਣ ਬਣਾਉਣ ਲਈ ਆਈਆਈਟੀ ਵਰਗੇ ਪ੍ਰਮੁੱਖ ਸੰਸਥਾਨਾਂ ਵਿੱਚ ਖੋਜ ਅਤੇ ਵਿਕਾਸ ਪ੍ਰੋਜੈਕਟਾਂ ਲਈ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ।



## ਸੁਰੱਖਿਅਤ-ਭਰੋਸੇਯੋਗ ਏਆਈ ਵਿੱਚ ਅੱਗੇ ਦੇ ਕਦਮ...

- ਏਆਈ ਸੰਭਾਲ, ਸੁਰੱਖਿਆ ਅਤੇ ਵੱਖ-ਵੱਖ ਹਿੱਸੇਦਾਰਾਂ ਵਿੱਚ ਭਰੋਸਾ ਪੈਦਾ ਕਰਨ ਲਈ ਇੰਡੀਆ ਏਆਈ ਸੇਫਟੀ ਇੰਸਟੀਟਿਊਟ ਕੰਮ ਕਰ ਰਿਹਾ ਹੈ।
- ਸਿੱਖਿਆ ਜਗਤ, ਸਟਾਰਟਅੱਪ, ਉਦਯੋਗ ਜਗਤ ਅਤੇ ਸਰਕਾਰੀ ਸੰਸਥਾਵਾਂ ਸਮੇਤ ਸਟੇਕਹੋਲਡਰ ਹੱਬ-ਐਂਡ-ਸਪੋਕ ਮਾਡਲ ਰਾਹੀਂ ਆਪਸ ਵਿੱਚ ਜੁੜਦੇ ਹਨ।
- ਜ਼ਿੰਮੇਵਾਰ ਏਆਈ ਦੇ ਆਲੇ-ਦੁਆਲੇ ਉਪਕਰਣ ਅਤੇ ਢਾਂਚੇ ਬਣਾਏ ਜਾ ਰਹੇ ਹਨ, ਜਿਨ੍ਹਾਂ ਦਾ ਧਿਆਨ 10 ਵਿਸ਼ਿਆਂ 'ਤੇ ਕੇਂਦ੍ਰਿਤ ਹੈ।
- ਮਸ਼ੀਨ ਅਨਲਰਨਿੰਗ, ਏਆਈ ਪੱਖਪਾਤ ਘਟਾਉਣਾ, ਗੁਪਤਤਾ ਵਧਾਉਣ ਵਾਲੇ ਉਪਕਰਣ ਅਤੇ ਏਆਈ ਗਵਰਨੈਂਸ ਟੈਸਟਿੰਗ ਆਦਿ ਨੂੰ ਕਵਰ ਕਰਨ ਵਾਲੇ 8 ਜ਼ਿੰਮੇਵਾਰ ਏਆਈ ਪ੍ਰੋਜੈਕਟਸ ਚੱਲ ਰਹੇ ਹਨ।
- ਵਾਟਰ ਮਾਰਕਿੰਗ, ਸਿਧਾਂਤਕ ਏਆਈ, ਜੋਖਮ ਮੁਲਾਂਕਣ, ਤਣਾਅ ਪ੍ਰੀਖਣ ਅਤੇ ਡੀਪਫੇਕ ਡਿਟੈਕਸ਼ਨ ਟੂਲ ਜਿਹੇ ਪ੍ਰਮੁੱਖ ਵਿਸ਼ਿਆਂ 'ਤੇ ਕੁਝ ਹੋਰ ਪ੍ਰੋਜੈਕਟਾਂ ਦਾ ਵੀ ਮੁਲਾਂਕਣ ਕੀਤਾ ਜਾ ਰਿਹਾ ਹੈ।

## ਏਆਈ ਦੇ ਚਾਰ ਉੱਤਮਤਾ ਕੇਂਦਰ

ਭਾਰਤ ਵਿੱਚ ਏਆਈ ਵਿਕਸਿਤ ਕਰਨ ਅਤੇ ਏਆਈ ਰਾਹੀਂ ਦੇਸ਼ ਦੇ ਹਿਤ ਵਿੱਚ ਕੰਮ ਕਰਨ ਦੇ ਉਦੇਸ਼ ਨਾਲ, ਵਿੱਤੀ ਵਰ੍ਹੇ 2023-24 ਦੇ ਐਲਾਨ ਤੋਂ ਬਾਅਦ ਭਾਰਤ ਸਰਕਾਰ ਨੇ ਭਾਰਤੀ ਵਿਗਿਆਨ ਸੰਸਥਾਨ, ਬੰਗਲੁਰੂ, ਆਈਆਈਟੀ ਕਾਨਪੁਰ ਅਤੇ ਆਈਆਈਟੀ ਰੋਪੜ ਵਿੱਚ ਏਆਈ ਦੇ ਤਿੰਨ ਉੱਤਮਤਾ ਕੇਂਦਰ ਸਥਾਪਿਤ ਕੀਤੇ ਹਨ। ਇਨ੍ਹਾਂ ਤਿੰਨੋਂ ਕੇਂਦਰਾਂ ਦੇ ਲਈ ਕੁੱਲ 990 ਕਰੋੜ ਰੁਪਏ ਦਾ ਬਜਟ ਨਿਰਧਾਰਿਤ ਕੀਤਾ ਗਿਆ ਹੈ। ਇਸ ਤੋਂ ਬਾਅਦ 2025-26 ਦੇ ਬਜਟ ਵਿੱਚ ਕੀਤੇ ਗਏ ਐਲਾਨ ਦੇ ਅਨੁਸਾਰ 500 ਕਰੋੜ ਰੁਪਏ ਦੀ ਲਾਗਤ ਨਾਲ ਆਈਆਈਟੀ ਮਦਰਾਸ ਵਿੱਚ ਵੀ ਏਆਈ ਦਾ ਇੱਕ ਉੱਤਮਤਾ ਕੇਂਦਰ ਸਥਾਪਿਤ ਕੀਤਾ ਗਿਆ ਹੈ।



ਕਰੋੜਾਂ ਡੇਟਾ ਨੂੰ ਕੁਝ ਸੈਕਿੰਡਾਂ ਵਿੱਚ ਵਿਸ਼ਲੇਸ਼ਣ ਕਰ ਦਿੰਦਾ ਹੈ। ਇਸ ਨਾਲ ਜੀਵਨ ਦੀ ਪਹੁੰਚਯੋਗਤਾ ਵਿੱਚ ਸੁਧਾਰ ਹੁੰਦਾ ਹੈ। ਹਸਪਤਾਲ ਵਿੱਚ ਬਿਮਾਰੀਆਂ ਦੀ ਪਛਾਣ ਹੋਵੇ ਜਾਂ ਕਿਸਾਨਾਂ ਨੂੰ ਮਿਲਣ ਵਾਲੀ ਮੌਸਮ ਦੀ ਸਹੀ ਜਾਣਕਾਰੀ, ਵਿਦਿਆਰਥੀਆਂ ਲਈ ਸਿੱਖਿਆ ਨੂੰ ਸਮਝਣ ਦੀ ਸਹਿਜਤਾ, ਏਆਈ ਇਨ੍ਹਾਂ ਸਾਰਿਆਂ ਨੂੰ ਅਸਾਨ ਬਣਾਉਂਦੀ ਹੈ। ਦੁਨੀਆ ਦੇ ਵੱਡੇ ਦੇਸ਼ ਇਸ ਵਿੱਚ ਵੱਡੇ ਪੈਮਾਨੇ 'ਤੇ ਨਿਵੇਸ਼ ਕਰ ਰਹੇ ਹਨ। ਟੈੱਕ ਕੰਪਨੀਆਂ ਏਆਈ ਦੇ ਵੱਡੇ ਮਾਡਲ ਬਣਾ ਰਹੀਆਂ ਹਨ। ਰੋਬੋਟਿਕਸ, ਆਟੋਮੇਸ਼ਨ, ਡੇਟਾ ਵਿਸ਼ਲੇਸ਼ਣ ਵਿੱਚ ਤੇਜ਼ੀ, ਰੱਖਿਆ-ਸਾਈਬਰ ਸੁਰੱਖਿਆ ਵਿੱਚ ਏਆਈ ਦੀ ਵਰਤੋਂ, ਇਹ ਸਪਸ਼ਟ ਹੈ ਕਿ ਜੋ ਦੇਸ਼ ਏਆਈ ਵਿੱਚ ਅੱਗੇ ਹੋਵੇਗਾ, ਉਹ ਹੀ ਭਵਿੱਖ ਵਿੱਚ ਅਰਥਵਿਵਸਥਾ ਦੀ ਅਗਵਾਈ ਕਰੇਗਾ। ਭਾਰਤ ਅੱਜ ਜੀ-20 ਜਿਹੇ ਗਲੋਬਲ ਪਲੈਟਫਾਰਮਾਂ 'ਤੇ ਡਿਜੀਟਲ ਪਬਲਿਕ ਇਨਫ੍ਰਾਸਟ੍ਰਕਚਰ ਅਤੇ ਏਆਈ ਦੇ ਮੁੱਦੇ ਚੁੱਕ ਰਿਹਾ ਹੈ। ਭਾਰਤ ਦੀ ਸੋਚ ਸਾਫ ਹੈ ਕਿ ਏਆਈ ਕੁਝ ਦੇਸ਼ਾਂ ਦਾ ਵਿਸ਼ੇਸ਼ ਅਧਿਕਾਰ ਨਾ ਬਣੇ। ਇਹ ਵਿਕਾਸਸ਼ੀਲ ਦੇਸ਼ਾਂ ਲਈ ਵੀ ਮੌਕਾ ਬਣੇ। ਵਰਤਮਾਨ ਦਹਾਕੇ ਨੂੰ ਭਾਰਤ ਟੈੱਕੇਡ ਦੇ ਰੂਪ ਵਿੱਚ ਦੇਖਦਾ ਹੈ। ਇਸ ਦਹਾਕੇ ਵਿੱਚ ਭਾਰਤ ਤਕਨਾਲੋਜੀ ਦੇ ਖੇਤਰ

## ਏਆਈ-ਅਧਾਰਿਤ ਸਟਾਰਟਅੱਪਸ ਨੂੰ ਸਹਾਇਤਾ


- ਦੇਸ਼ ਵਿੱਚ ਆਰਟੀਫਿਸ਼ੀਅਲ ਇੰਟੈਲੀਜੈਂਸ ਨਾਲ ਜੁੜੇ 100 ਤੋਂ ਵੱਧ ਸਟਾਰਟਅੱਪਸ ਨੂੰ ਮਾਨਤਾ ਦਿੱਤੀ ਗਈ ਹੈ।
- ਸਟੇਸ਼ਨ ਐੱਫ ਅਤੇ ਐੱਚਈਸੀ ਪੈਰਿਸ ਨਾਲ ਇੰਡੀਆਏਆਈ ਸਟਾਰਟਅੱਪਸ ਗਲੋਬਲ ਪ੍ਰੋਗਰਾਮ ਲਾਂਚ ਕੀਤਾ ਗਿਆ ਹੈ ਤਾਂ ਜੋ 10 ਭਾਰਤੀ ਏਆਈ ਸਟਾਰਟਅੱਪਸ ਨੂੰ ਯੂਰੋਪ ਵਿੱਚ ਆਪਣਾ ਵਿਸਤਾਰ ਕਰਨ ਵਿੱਚ ਮਦਦ ਮਿਲ ਸਕੇ।
- ਜ਼ਿੰਮੇਵਾਰ ਏਆਈ ਅਤੇ ਸਾਈਬਰ ਸੁਰੱਖਿਆ ਵਿੱਚ ਏਆਈ ਜਿਹੇ ਖੇਤਰਾਂ ਵਿੱਚ ਕੰਮ ਕਰਨ ਵਾਲੇ ਇਹ ਸਟਾਰਟਅੱਪਸ ਵਰਤਮਾਨ ਵਿੱਚ ਸਟੇਸ਼ਨ ਐੱਫ ਵਿੱਚ ਟ੍ਰੇਨਿੰਗ ਲੈ ਰਹੇ ਹਨ।
- ਟ੍ਰੇਨਿੰਗ ਲੈਣ ਵਾਲੇ ਸਟਾਰਟਅੱਪਸ ਵਿੱਚ ਕੁਝ ਗੁਪਤਤਾ ਵਧਾਉਣ ਵਾਲੇ ਏਆਈ ਅਤੇ ਸਕਿਓਰ ਬਲਿੰਕ ਏਆਈ-ਸੰਚਾਲਿਤ ਸਾਈਬਰ ਸੁਰੱਖਿਆ, ਨਿਗਰਾਨੀ, ਏਆਈ ਦੀ ਵਰਤੋਂ ਨਾਲ ਪ੍ਰਿਥਵੀ ਦੇ ਦ੍ਰਿਸ਼, ਉਦਯੋਗਿਕ ਨਿਰੀਖਣ ਦੇ ਲਈ ਏਆਈ 'ਤੇ ਕੇਂਦ੍ਰਿਤ ਹਨ।

## ਯੁਵਾ ਸ਼ਕਤੀ ਅਤੇ ਏਆਈ... ਐਜੂਕੇਸ਼ਨ ਅਤੇ ਟ੍ਰੇਨਿੰਗ ਦਾ ਈਕੋਸਿਸਟਮ

ਭਾਰਤ ਦੀ 65 ਫੀਸਦੀ ਤੋਂ ਵੱਧ ਜਨਸੰਖਿਆ 35 ਸਾਲ ਤੋਂ ਘੱਟ ਉਮਰ ਦੀ ਹੈ। ਭਾਰਤ ਦੀ ਡਿਜੀਟਲ ਅਤੇ ਇਨੋਵੇਸ਼ਨ ਰਣਨੀਤੀ ਦੇ ਕੇਂਦਰ ਵਿੱਚ ਵੀ ਇਹੀ ਯੁਵਾ ਹਨ। ਭਾਰਤ ਏਆਈ ਨੂੰ ਨੌਜਵਾਨਾਂ ਦੇ ਰੁਜ਼ਗਾਰ ਅਤੇ ਹੁਨਰ ਨੂੰ ਵਧਾਉਣ ਦੇ ਲਈ ਇੱਕ ਜ਼ਰੂਰੀ ਮਾਧਿਅਮ ਮੰਨਦਾ ਹੈ। ਇਸੇ ਦ੍ਰਿਸ਼ਟੀ ਨਾਲ ਭਾਰਤ ਸਰਕਾਰ ਦੇ ਸਕੂਲ ਸਿੱਖਿਆ, ਵਪਾਰਕ ਟ੍ਰੇਨਿੰਗ, ਉੱਚ ਸਿੱਖਿਆ, ਰਿਸਰਚ ਫੈਲੋਸ਼ਿਪ ਅਤੇ ਉਦਯੋਗ ਜਗਤ ਦੇ ਨਾਲ ਕੰਮ ਕਰਕੇ ਇੱਕ ਵੱਡੀ ਏਆਈ ਪ੍ਰਤਿਭਾ ਸੰਪੰਨ ਚੇਨ ਤਿਆਰ ਕਰ ਰਹੀ ਹੈ ਤਾਂ ਜੋ ਏਆਈ ਸਿੱਖਿਆ ਅਤੇ ਹੁਨਰ ਨੂੰ ਦਿੱਤੀ ਜਾ ਸਕੇ ਨਵੀਂ ਗਤੀ...

### ਆਰਟੀਫਿਸ਼ੀਅਲ ਇੰਟੈਲੀਜੈਂਸ ਹੁਨਰ ਅਤੇ ਨਵੇਂ ਮੌਕੇ

- ਵਿਸ਼ਵ ਬੈਂਕ ਦੀ ਸਾਊਥ ਏਸ਼ੀਆ ਵਿਕਾਸ ਰਿਪੋਰਟ ਦੇ ਅਨੁਸਾਰ, ਸਾਊਥ ਏਸ਼ੀਆ ਵਿੱਚ ਏਆਈ ਨਾਲ ਸਬੰਧਿਤ ਨੌਕਰੀ ਦੇ ਸਭ ਤੋਂ ਵੱਧ ਮੌਕੇ ਭਾਰਤ ਵਿੱਚ ਹਨ। ਵਰ੍ਹੇ 2025 ਵਿੱਚ ਵ੍ਹਾਈਟ-ਕੌਲਰ ਨੌਕਰੀਆਂ ਵਿੱਚ 5.8% ਲਿਸਟਿੰਗ ਵਿੱਚ ਏਆਈ ਮੁਹਾਰਤ ਦੀ ਜ਼ਰੂਰਤ ਸੀ, ਜਿਸ ਵਿੱਚ ਬੰਗਲੁਰੂ (ਏਆਈ ਨੌਕਰੀਆਂ ਦਾ 11% ਹਿੱਸਾ) ਅਤੇ ਹੈਦਰਾਬਾਦ (9.57%), ਮਹਾਰਾਸ਼ਟਰ ਵਿੱਚ ਪੁਣੇ (6.95%) ਅਤੇ ਚੇਨੱਈ (6.62%) ਨੰਬਰ 'ਤੇ ਆਉਂਦਾ ਹੈ।
- ਏਆਈ ਨਾਲ ਜੁੜੇ ਰੁਜ਼ਗਾਰ ਵਿੱਚ ਤਨਖਾਹ ਵਾਧਾ ਵੀ ਜ਼ਿਆਦਾ ਮਿਲ ਰਿਹਾ ਹੈ। ਵਿਸ਼ਵ ਬੈਂਕ ਦੀ ਰਿਪੋਰਟ ਦੇ ਅਨੁਸਾਰ, ਡਿਜੀਟਲ ਹੁਨਰ ਵਾਲੀਆਂ ਨੌਕਰੀਆਂ ਵਿੱਚ ਔਸਤਨ 12% ਤਨਖਾਹ ਪ੍ਰੀਮੀਅਮ ਮਿਲਦਾ ਹੈ, ਜਦਕਿ ਏਆਈ-ਕੇਂਦ੍ਰਿਤ ਨੌਕਰੀਆਂ ਵਿੱਚ ਇਹ ਪ੍ਰੀਮੀਅਮ 28% ਤੱਕ ਹੈ।
- ਜਨਵਰੀ 2023 ਤੋਂ ਮਾਰਚ 2025 ਦੇ ਦਰਮਿਆਨ, ਸਾਊਥ ਏਸ਼ੀਆ ਵਿੱਚ ਏਆਈ ਨਾਲ ਜੁੜੀ ਰੁਜ਼ਗਾਰ ਪੋਸਟਿੰਗ ਸਾਰੇ ਅਹੁਦਿਆਂ 'ਤੇ 2.9% ਤੋਂ ਵਧ ਕੇ 6.5% ਹੋ ਗਈ ਹੈ। ਇਸ ਵਿੱਚ ਏਆਈ ਹੁਨਰ ਦੀ ਮੰਗ ਨੌਨ-ਏਆਈ ਭੂਮਿਕਾਵਾਂ ਦੇ ਮੁਕਾਬਲੇ 75% ਤੋਂ ਜ਼ਿਆਦਾ ਵਧੀ ਹੈ।
- ਸਟੈਨਫੋਰਡ ਏਆਈ ਇੰਡੈਕਸ ਰਿਪੋਰਟ 2025 ਦੱਸਦੀ ਹੈ ਕਿ ਭਾਰਤ ਲਗਭਗ 33% ਦੀ ਸਲਾਨਾ ਭਰਤੀ ਦਰ ਨਾਲ ਏਆਈ ਪ੍ਰਤਿਭਾ ਪ੍ਰਾਪਤੀ ਵਿੱਚ ਦੁਨੀਆ ਵਿੱਚ ਮੋਹਰੀ ਹੈ। ਇੰਨਾ ਹੀ ਨਹੀਂ ਏਆਈ ਹੁਨਰ ਦੀ ਪਹੁੰਚ ਸਮਾਨ ਕਾਰੋਬਾਰਾਂ ਵਿੱਚ ਵਿਸ਼ਵਵਿਆਪੀ ਔਸਤ ਤੋਂ 2.5 ਗੁਣਾ ਵੱਧ ਹੈ।



ਵਿੱਚ ਜੋ ਕੁਝ ਕਰ ਰਿਹਾ ਹੈ, ਉਹ 21ਵੀਂ ਸਦੀ ਦੀ ਸਮਰੱਥਾ ਦਾ ਅਧਾਰ ਬਣੇਗਾ। ਭਾਵੇਂ ਗ੍ਰੀਨ ਐਨਰਜੀ ਹੋਵੇ, ਭਾਵੇਂ ਸਪੇਸ ਟੈੱਕ ਹੋਵੇ, ਭਾਵੇ ਡਿਜੀਟਲ ਤਕਨਾਲੋਜੀ ਹੋਵੇ, ਭਾਵੇਂ ਮੈਨੂਫੈਕਚਰਿੰਗ ਤਕਨਾਲੋਜੀ ਹੋਵੇ, ਜਾਂ ਫਿਰ ਆਰਟੀਫਿਸ਼ੀਅਲ ਇੰਟੈਲੀਜੈਂਸ, ਮਨੁੱਖਤਾ ਦਾ ਭਵਿੱਖ ਤੈਅ ਕਰਨ ਵਾਲੀ ਹਰ ਤਕਨਾਲੋਜੀ ਵਿੱਚ ਭਾਰਤ ਅੱਜ ਬੇਮਿਸਾਲ ਨਿਵੇਸ਼ ਕਰ ਰਿਹਾ ਹੈ।

ਇਸੇ ਸੋਚ ਦਾ ਨਤੀਜਾ ਹੈ ਕਿ ਆਰਟੀਫਿਸ਼ੀਅਲ ਇੰਟੈਲੀਜੈਂਸ ਅੱਜ ਭਾਰਤ ਦੀ ਵਿਕਾਸ ਯਾਤਰਾ ਦਾ ਇੱਕ ਕੇਂਦਰੀ ਥੰਮ੍ਹ ਬਣ ਗਈ ਹੈ। ਇਹ ਸੁਸ਼ਾਸਨ ਨੂੰ ਮਜ਼ਬੂਤ ਕਰ ਰਹੀ ਹੈ, ਜਨਤਕ ਸੇਵਾਵਾਂ ਦੀ ਵੰਡ ਵਿੱਚ

> ਮਨੁੱਖੀ ਇਤਿਹਾਸ ਵਿੱਚ ਕੁਝ ਸਦੀਆਂ ਤੋਂ ਬਾਅਦ ਇੱਕ ਟਰਨਿੰਗ ਪੁਆਇੰਟ ਆਉਂਦਾ ਹੈ, ਅਤੇ ਉਹ ਟਰਨਿੰਗ ਪੁਆਇੰਟ ਸੱਭਿਅਤਾ ਦੀ ਦਿਸ਼ਾ ਰੀਸੈੱਟ ਕਰਦਾ ਹੈ। ਉੱਥੋਂ ਦੀ ਵਿਕਾਸ ਦੀ ਰਫ਼ਤਾਰ ਬਦਲਦੀ ਹੈ, ਸੋਚਣ, ਸਮਝਣ ਅਤੇ ਕੰਮ ਕਰਨ ਦੇ ਪੈਰਾਡਾਈਮਸ ਬਦਲਦੇ ਹਨ।
>
> **- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**




ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

ਸੁਧਾਰ ਲਿਆ ਰਿਹਾ ਹੈ ਅਤੇ ਅਜਿਹੇ ਸਮਾਧਾਨਾਂ ਨੂੰ ਸਮਰੱਥ ਬਣਾ ਰਿਹਾ ਹੈ ਜੋ ਵਿਆਪਕ ਪੱਧਰ 'ਤੇ ਨਾਗਰਿਕਾਂ ਤੱਕ ਪਹੁੰਚ ਸਕਣ। ਮਨੁੱਖੀ ਪ੍ਰਗਤੀ ਨੂੰ ਹਮੇਸ਼ਾ ਤਕਨਾਲੋਜੀ ਨੇ ਹੀ ਆਕਾਰ ਦਿੱਤਾ ਹੈ। ਬਿਜਲੀ ਨੇ ਰੋਜ਼ਾਨਾ ਜੀਵਨ ਅਤੇ ਕਾਰਜ ਸ਼ੈਲੀ ਨੂੰ ਬਦਲ ਦਿੱਤਾ, ਕੰਪਿਊਟਰ ਨੇ ਸੂਚਨਾਵਾਂ ਦੀ ਪ੍ਰੋਸੈਸਿੰਗ ਦੇ ਤਰੀਕੇ ਨੂੰ ਬਦਲ ਦਿੱਤਾ, ਇੰਟਰਨੈੱਟ ਨੇ ਸਰਹੱਦਾਂ ਤੋਂ ਪਰ੍ਹੇ ਲੋਕਾਂ ਅਤੇ ਪ੍ਰਣਾਲੀਆਂ ਨੂੰ ਜੋੜਿਆ ਅਤੇ ਮੋਬਾਈਲ ਫੋਨਾਂ ਨੇ ਤਕਨਾਲੋਜੀ ਨੂੰ ਸਿੱਧੇ ਨਾਗਰਿਕਾਂ ਦੇ ਹੱਥਾਂ ਤੱਕ ਪਹੁੰਚਾ ਦਿੱਤਾ। ਏਆਈ ਇਨ੍ਹਾਂ ਹੀ ਅਧਾਰਾਂ 'ਤੇ ਤਿਆਰ ਹੋਇਆ ਹੈ ਅਤੇ ਹੁਣ ਖੇਤੀਬਾੜੀ, ਸਿਹਤ ਸੰਭਾਲ, ਸਿੱਖਿਆ, ਮੈਨੂਫੈਕਚਰਿੰਗ, ਜਲਵਾਯੂ ਸੁਰੱਖਿਆ ਅਤੇ ਗਵਰਨੈਂਸ ਵਰਗੇ ਖੇਤਰਾਂ ਨੂੰ ਬਦਲਣ ਦੇ ਲਈ ਮਨੁੱਖਾਂ ਨਾਲ ਮਿਲ ਕੇ ਕੰਮ ਕਰ ਰਿਹਾ ਹੈ। ਭਾਰਤ ਲਈ, ਏਆਈ ਸਭ ਦੀ ਪਹੁੰਚ ਵਿੱਚ ਹੋਵੇ ਇਹ ਯਕੀਨੀ ਬਣਾਉਣ ਦੇ ਲਈ ਲਾਜ਼ਮੀ ਹੈ ਕਿ ਇਸਦੇ ਲਾਭ ਵਿਆਪਕ ਤੌਰ 'ਤੇ ਸਾਂਝੇ ਕੀਤੇ ਜਾਣ। ਵਰ੍ਹੇ 2047 ਤੱਕ ਵਿਕਸਿਤ ਭਾਰਤ ਦੇ ਦ੍ਰਿਸ਼ਟੀਕੋਣ ਅਨੁਸਾਰ ਭਾਰਤ ਇਸ ਦਿਸ਼ਾ ਵਿੱਚ ਵਧ ਰਿਹਾ ਹੈ।

### ਏਆਈ ਦੇ ਦੌਰ ਵਿੱਚ ਭਾਰਤ ਦੀ ਯੁਵਾ ਸ਼ਕਤੀ

ਕਿਸੇ ਵੀ ਦੇਸ਼ ਦਾ ਭਵਿੱਖ ਉਸ ਦੀ ਯੁਵਾ ਪੀੜ੍ਹੀ 'ਤੇ ਨਿਰਭਰ ਹੁੰਦਾ ਹੈ। ਇਸ ਲਈ,ਇਹ ਜ਼ਰੂਰੀ ਹੈ ਕਿ ਨੌਜਵਾਨਾਂ ਨੂੰ ਭਵਿੱਖ ਲਈ ਅਤੇ ਉਨ੍ਹਾਂ ਨੂੰ ਭਾਰਤ ਦੇ ਉੱਜਵਲ ਭਵਿੱਖ ਲਈ ਤਿਆਰ ਕੀਤਾ ਜਾਵੇ। ਇਸ ਵਿੱਚ ਵੱਡੀ ਭੂਮਿਕਾ ਦੇਸ਼ ਦੀ ਸਿੱਖਿਆ ਪ੍ਰਣਾਲੀ ਦੀ ਵੀ ਹੁੰਦੀ ਹੈ। ਇਸ ਲਈ ਭਾਰਤ ਦੀ ਸਿੱਖਿਆ ਪ੍ਰਣਾਲੀ ਨੂੰ 21ਵੀਂ ਸਦੀ ਦੀਆਂ ਜ਼ਰੂਰਤਾਂ ਦੇ ਅਨੁਸਾਰ ਆਧੁਨਿਕ ਬਣਾਇਆ ਜਾ ਰਿਹਾ ਹੈ। ਨਵੀਂ ਰਾਸ਼ਟਰੀ ਸਿੱਖਿਆ ਨੀਤੀ 2020 ਲਾਗੂ ਕੀਤੀ ਗਈ ਹੈ, ਜਿਸ ਨੂੰ ਵਿਸ਼ਵ ਪੱਧਰੀ ਮਿਆਰਾਂ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤਾ ਗਿਆ ਹੈ। ਇਸ ਦੇ ਲਈ ਜੋ ਵੀ ਇਨਫ੍ਰਾਸਟ੍ਰਕਚਰ ਤਿਆਰ ਕੀਤਾ ਗਿਆ ਹੈ, ਉਹ ਏਆਈ ਅਧਾਰਿਤ ਹੈ। ਅੱਜ ਭਾਰਤ ਏਆਈ ਦੇ ਵਿਕਾਸ ਅਤੇ ਉਸ ਨੂੰ ਅਪਣਾਉਣ ਵਿੱਚ ਅੱਗੇ ਰਹਿਣ ਵਾਲੇ ਦੇਸ਼ਾਂ ਵਿੱਚ ਸ਼ਾਮਲ ਹੈ। ਇਸ ਦੇ

## ਭਾਰਤ ਦੀ ਸੁਪਰ ਕੰਪਿਊਟਰ ਸਮਰੱਥਾ... ਤਾਂ ਜੋ ਏਆਈ ਦੇਵੇ ਜਲਦੀ ਸਮਾਧਾਨ

- ਭਾਰਤ ਵਿੱਚ ਨੈਸ਼ਨਲ ਸੁਪਰ ਕੰਪਿਊਟਿੰਗ ਮਿਸ਼ਨ ਦੇ ਅਧੀਨ ਹੁਣ ਤੱਕ 39 ਪੈਟਾ-ਫਲੌਪਸ ਦੀ ਸੰਯੁਕਤ ਸਮਰੱਥਾ ਵਾਲੇ 37 ਸੁਪਰ ਕੰਪਿਊਟਰ ਬਣਾਏ ਅਤੇ ਸ਼ੁਰੂ ਕੀਤੇ ਗਏ ਹਨ।
- ਇਹ ਸੁਪਰ ਕੰਪਿਊਟਰ ਦੇਸ਼ ਭਰ ਦੀਆਂ ਵਿਦਿਅਕ ਸੰਸਥਾਨਾਂ, ਯੂਨੀਵਰਸਿਟੀਆਂ ਅਤੇ ਖੋਜ ਅਤੇ ਵਿਕਾਸ ਲੈਬੋਰਟਰੀਆਂ ਵਿੱਚ ਲਗਾਏ ਗਏ ਹਨ।
- 10 ਹੋਰ ਸੁਪਰ ਕੰਪਿਊਟਰ ਲਾਂਚ ਕਰਨ 'ਤੇ ਕੰਮ ਜਾਰੀ। ਜਿਨ੍ਹਾਂ ਵਿੱਚ 20 ਪੈਟਾ-ਫਲੌਪਸ ਸਮਰੱਥਾ ਵਾਲਾ ਭਾਰਤ ਦਾ ਸਭ ਤੋਂ ਵੱਡਾ ਐੱਚ ਪੀਸੀ ਅਤੇ ਏਆਈ ਸੈੱਟਅਪ ਵਾਲਾ ਰਾਸ਼ਟਰੀ ਸੁਵਿਧਾ ਕੇਂਦਰ ਸ਼ਾਮਲ ਹੈ।
- ਆਤਮ-ਨਿਰਭਰਤਾ ਲਈ ਸਰਵਰ, ਹਾਈ-ਸਪੀਡ ਇੰਟਰ-ਕਨੈਕਟ, ਸਿਸਟਮ ਸੌਫਟਵੇਅਰ ਸਟੈਕ, ਡਾਇਰੈਕਟ-ਟੂ-ਚਿੱਪ ਲਿਕਵਿਡ ਕੂਲਿੰਗ ਤਕਨਾਲੋਜੀ ਸਮੇਤ ਵੱਖ-ਵੱਖ ਸਵਦੇਸ਼ੀ ਸਬ-ਕੰਪੋਨੈਂਟ ਵਿਕਸਿਤ ਕੀਤੇ ਗਏ ਹਨ।
- ਸਵਦੇਸ਼ੀ ਪਰਮ ਰੁਦ੍ਰ ਸੁਪਰ ਕੰਪਿਊਟਰ ਸਵਦੇਸ਼ੀ ਸੌਫਟਵੇਅਰ ਸਟੈਕ ਅਤੇ ਦੇਸ਼ ਵਿੱਚ ਡਿਜ਼ਾਈਨ, ਵਿਕਸਿਤ ਅਤੇ ਤਿਆਰ ਕੀਤੇ ਗਏ ਰੁਦ੍ਰ ਸੀਰੀਜ਼ ਸਰਵਰਾਂ ਦੀ ਵਰਤੋਂ ਕਰਕੇ ਬਣਾਏ ਗਏ ਹਨ।

**6,000**

ਰੁਦ੍ਰ ਸਰਵਰ ਲਗਾਏ ਜਾ ਚੁੱਕੇ ਹਨ ਪਰਮਰੁਦ੍ਰ ਸੁਪਰ ਕੰਪਿਊਟਰ ਵਿੱਚ, ਨਾਲ ਹੀ 1,500 ਹੋਰ ਸਰਵਰ ਵੀ ਬਣਾਏ ਜਾ ਰਹੇ ਹਨ।










ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

ਵਿਸਤਾਰ ਦੇ ਲਈ ਸਰਕਾਰ ਨੇ ਇੰਡੀਆਏਆਈ ਮਿਸ਼ਨ ਲਾਂਚ ਕੀਤਾ ਹੈ। ਇਸ ਨਾਲ ਵਿਸ਼ਵ ਪੱਧਰੀ ਇਨਫ੍ਰਾਸਟ੍ਰਕਚਰ, ਹਾਈ ਕੁਆਲਿਟੀ ਡੇਟਾਸੈੱਟਸ ਅਤੇ ਰਿਸਰਚ ਫੈਸੇਲਿਟੀ ਤਿਆਰ ਕੀਤੀਆਂ ਜਾ ਰਹੀਆਂ ਹਨ। ਭਾਰਤ ਵਿੱਚ ਏਆਈ ਸੈਂਟਰਸ ਆਫ਼ ਐਕਸੀਲੈਂਸ ਦੀ ਗਿਣਤੀ ਵੀ ਵਧਾਈ ਜਾ ਰਹੀ ਹੈ। ਦੇਸ਼ ਦੇ ਪ੍ਰਸਿੱਧ ਸੰਸਥਾਨਾਂ, ਉਦਯੋਗਾਂ ਅਤੇ ਸਟਾਰਟਅੱਪਸ ਦੁਆਰਾ ਇਨ੍ਹਾਂ ਸੈਂਟਰਾਂ ਨੂੰ ਅੱਗੇ ਵਧਾਇਆ ਜਾ ਰਿਹਾ ਹੈ। ਭਾਰਤ ਮੇਕ ਇਨ ਇੰਡੀਆ ਦੇ ਵਿਜ਼ਨ 'ਤੇ ਕੰਮ ਕਰ ਰਿਹਾ ਹੈ ਅਤੇ ਇਸ ਖੇਤਰ ਵਿੱਚ ਵੀ ਵਿਜ਼ਨ ਹੈ – ਮੇਕ ਏਆਈ ਵਰਕ ਫਾਰ ਇੰਡੀਆ। ਤਕਨਾਲੋਜੀ ਦੀ ਇਸ ਯਾਤਰਾ ਨੂੰ ਸਮੇਂ 'ਤੇ ਪੂਰਾ ਕਰਨ ਅਤੇ ਭਵਿੱਖ ਦੀ ਤਕਨਾਲੋਜੀ ਵਿੱਚ ਭਾਰਤ ਨੂੰ "ਬੈਸਟ ਇਨ ਵਰਲਡ" ਦੀ ਸੂਚੀ ਵਿੱਚ ਸ਼ਾਮਲ ਕਰਨ ਦੀ ਦਿਸ਼ਾ ਵਿੱਚ ਕੰਮ ਹੋ ਰਿਹਾ ਹੈ। ਭਾਰਤ ਜਨਤਕ ਹਿਤ ਦੇ ਲਈ ਆਰਟੀਫਿਸ਼ੀਅਲ ਇੰਟੈਲੀਜੈਂਸ ਐਪਲੀਕੇਸ਼ਨ ਵਿਕਸਿਤ ਕਰ ਰਿਹਾ ਹੈ। ਦੇਸ਼ ਵਿੱਚ ਆਰਟੀਫਿਸ਼ੀਅਲ ਇੰਟੈਲੀਜੈਂਸ ਪ੍ਰਤਿਭਾਵਾਂ ਦੀ ਕੋਈ ਘਾਟ ਨਹੀਂ ਹੈ। ਭਾਰਤ ਆਪਣੀ ਵਿਭਿੰਨਤਾ ਨੂੰ ਦੇਖਦੇ ਹੋਏ ਆਪਣਾ ਖੁਦ ਦਾ ਵੱਡਾ ਭਾਸ਼ਾ ਮਾਡਲ ਬਣਾ ਰਿਹਾ ਹੈ। ਭਾਰਤ ਇਹ ਯਕੀਨੀ ਬਣਾਉਣ ਲਈ ਆਪਣੇ ਅਨੁਭਵ ਅਤੇ ਮੁਹਾਰਤ ਨੂੰ ਸਾਂਝਾ ਕਰਨ ਲਈ ਤਿਆਰ ਹੈ ਕਿ ਆਰਟੀਫਿਸ਼ੀਅਲ ਇੰਟੈਲੀਜੈਂਸ ਦਾ ਭਵਿੱਖ ਚੰਗੇ ਲਈ ਅਤੇ ਸਾਰਿਆਂ ਲਈ ਹੋਵੇ।

## ਭਾਰਤ ਦੀ ਤਿਆਰੀ: ਮਜ਼ਬੂਤ ਡਿਜੀਟਲ ਨੀਂਹ

ਭਾਰਤ ਨੇ ਏਆਈ ਦੀ ਦਿਸ਼ਾ ਵਿੱਚ ਅਚਾਨਕ ਕਦਮ ਨਹੀਂ ਵਧਾਇਆ। ਪਿਛਲੇ ਲਗਭਗ ਇੱਕ ਦਹਾਕੇ ਤੋਂ ਵੱਧ ਸਮੇਂ ਵਿੱਚ ਆਪਣਾ ਡਿਜੀਟਲ ਅਧਾਰ ਤਿਆਰ ਕੀਤਾ ਹੈ। ਡਿਜੀਟਲ ਇੰਡੀਆ ਮਿਸ਼ਨ ਨੇ ਸਰਕਾਰੀ ਸੇਵਾਵਾਂ ਨੂੰ ਔਨਲਾਈਨ ਕੀਤਾ, ਇੰਟਰਨੈੱਟ ਨੂੰ ਪਹੁੰਚਯੋਗ ਬਣਾਇਆ ਅਤੇ ਡਿਜੀਟਲ ਸਸ਼ਕਤੀਕਰਣ ਦੀ ਨੀਂਹ ਰੱਖੀ। ਇਸ ਵਿੱਚ ਆਧਾਰ ਅਤੇ ਡਿਜੀਟਲ ਪਹਿਚਾਣ ਨੇ ਹਰ ਨਾਗਰਿਕ ਨੂੰ ਇੱਕ ਡਿਜੀਟਲ ਪਹਿਚਾਣ ਦਿੱਤੀ। ਇਸ ਨਾਲ ਸਰਕਾਰੀ ਯੋਜਨਾਵਾਂ ਦਾ ਲਾਭ ਸਿੱਧਾ ਲੋਕਾਂ ਤੱਕ ਪਹੁੰਚਿਆ। ਯੂਪੀਆਈ (UPI) ਨੇ ਡਿਜੀਟਲ ਪੇਮੈਂਟ ਨੂੰ ਬਹੁਤ ਅਸਾਨ ਬਣਾ ਦਿੱਤਾ। ਅੱਜ ਛੋਟੇ ਦੁਕਾਨਦਾਰ ਤੋਂ ਲੈ ਕੇ ਵੱਡੇ ਵਪਾਰੀ ਤੱਕ ਇਸ ਦੀ ਵਰਤੋਂ ਕਰ ਰਹੇ ਹਨ। ਕੋਵਿਨ






ਪਲੈਟਫਾਰਮ ਨੇ ਕੋਵਿਡ ਦੇ ਸਮੇਂ ਕਰੋੜਾਂ ਵੈਕਸੀਨੇਸ਼ਨਾਂ ਦਾ ਡਿਜੀਟਲ ਤਰੀਕੇ ਨਾਲ ਪ੍ਰਬੰਧ ਕੀਤਾ। ਇਹ ਦੁਨੀਆ ਦੇ ਸਾਹਮਣੇ ਭਾਰਤ ਦੀ ਤਕਨੀਕੀ ਸਮਰੱਥਾ ਦੀ ਉਦਾਹਰਣ ਬਣਿਆ। ਇਨ੍ਹਾਂ ਸਾਰੀਆਂ ਪਹਿਲਕਦਮੀਆਂ ਨੇ ਡੇਟਾ, ਡਿਜੀਟਲ ਇਨਫ੍ਰਾਸਟ੍ਰਕਚਰ ਅਤੇ ਤਕਨੀਕੀ ਆਤਮਵਿਸ਼ਵਾਸ ਦਿੱਤਾ, ਜੋ ਏਆਈ ਦੇ ਲਈ ਬਹੁਤ ਜ਼ਰੂਰੀ ਸੀ। ਸਰਕਾਰ ਨੇ "ਇੰਡੀਆਏਆਈ ਮਿਸ਼ਨ" ਦੇ ਮਾਧਿਅਮ ਨਾਲ ਏਆਈ ਰਿਸਰਚ, ਸਟਾਰਟਅੱਪਸ ਅਤੇ ਇਨਫ੍ਰਾਸਟ੍ਰਕਚਰ ਨੂੰ ਹੁਲਾਰਾ ਦੇਣ ਦੀ ਦਿਸ਼ਾ ਵਿੱਚ ਵੱਡੇ ਨਿਵੇਸ਼ ਦਾ ਐਲਾਨ ਕੀਤਾ। ਹੁਨਰ ਵਿਕਾਸ ਵਿੱਚ ਇਸ ਨੂੰ ਸ਼ਾਮਲ ਕੀਤਾ ਗਿਆ, ਸਟਾਰਟਅੱਪ ਈਕੋਸਿਸਟਮ ਨੂੰ ਉਤਸ਼ਾਹਿਤ ਕੀਤਾ ਗਿਆ, ਭਾਰਤ ਦੀਆਂ ਵਿਭਿੰਨ ਭਾਸ਼ਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਏਆਈ ਮਾਡਲ ਵਿਕਸਿਤ ਕਰਨ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ, ਤਾਂ ਜੋ ਤਕਨਾਲੋਜੀ ਸਿਰਫ਼ ਅੰਗਰੇਜ਼ੀ ਤੱਕ ਹੀ ਸੀਮਤ ਨਾ ਰਹੇ। ਭਾਰਤ ਸਰਕਾਰ ਜ਼ਿੰਮੇਵਾਰ ਅਤੇ ਨੈਤਿਕ ਏਆਈ 'ਤੇ ਵੀ ਜ਼ੋਰ ਦੇ ਰਹੀ ਹੈ। ਇਸ ਵਿੱਚ ਡੇਟਾ ਸੁਰੱਖਿਆ, ਪਾਰਦਰਸ਼ਿਤਾ, ਜਵਾਬਦੇਹੀ ਅਤੇ ਨਾਗਰਿਕਾਂ ਦੀ ਗੁਪਤਤਾ ਦੀ ਰੱਖਿਆ ਸ਼ਾਮਲ ਹੈ। ਵਿਗਿਆਨ ਅਤੇ ਤਕਨਾਲੋਜੀ ਦੀ ਪਰਿਵਰਤਨਕਾਰੀ ਸ਼ਕਤੀ ਮਹੱਤਵਪੂਰਨ ਹੈ, ਇਸ ਲਈ ਇਸ ਨੂੰ ਨੈਤਿਕ ਅਤੇ ਸਮਾਵੇਸ਼ੀ ਬਣਾਉਣਾ ਚਾਹੀਦਾ ਹੈ। ਅੱਜ ਰੀਟੇਲ ਤੋਂ ਲੈ ਕੇ ਲੌਜਿਸਟਿਕਸ ਤੱਕ, ਉਪਭੋਗਤਾ ਸੇਵਾ ਤੋਂ ਲੈ ਕੇ ਬੱਚਿਆਂ ਦੇ ਹੋਮਵਰਕ ਤੱਕ, ਹਰ ਥਾਂ ਏਆਈ ਦਾ ਇਸਤੇਮਾਲ ਹੋ ਰਿਹਾ ਹੈ। ਇਸ ਲਈ ਭਾਰਤ ਵਿੱਚ ਵੀ ਏਆਈ ਦੀ ਸ਼ਕਤੀ ਨੂੰ ਸਮਾਜ ਦੇ ਹਰ ਵਰਗ ਦੇ ਲਈ ਉਪਯੋਗੀ ਬਣਾਇਆ ਜਾ ਰਿਹਾ ਹੈ।

ਏਆਈ ਨਾ ਸਿਰਫ਼ ਸਿੱਖਿਆ, ਸਿਹਤ, ਸੁਰੱਖਿਆ ਅਤੇ ਰੁਜ਼ਗਾਰ ਦੇ ਨਵੇਂ ਮੌਕੇ ਪ੍ਰਦਾਨ ਕਰ ਸਕਦਾ ਹੈ, ਸਗੋਂ ਸਾਰਿਆਂ ਨੂੰ ਫੈਸਲੇ ਲੈਣ ਦੀ ਪ੍ਰਕਿਰਿਆ ਵਿੱਚ ਵੀ ਸਮਾਨ ਭਾਗੀਦਾਰ ਬਣਾ ਰਿਹਾ ਹੈ। ਡੇਟਾ ਐਨਾਲਿਟਿਕਸ ਦੀ ਮਦਦ ਨਾਲ ਇਹ ਯਕੀਨੀ ਬਣਾਇਆ ਜਾ ਸਕਦਾ ਹੈ ਕਿ ਸਰਕਾਰੀ ਯੋਜਨਾਵਾਂ ਦਾ ਲਾਭ ਸਮਾਜ ਦੇ ਆਖ਼ਰੀ ਸਿਰੇ 'ਤੇ ਖੜ੍ਹੇ ਵਿਅਕਤੀ ਤੱਕ ਪਹੁੰਚੇ। ਏਆਈ ਸੰਚਾਲਿਤ ਡੇਟਾ ਵੈਰੀਫਿਕੇਸ਼ਨ ਦੇ ਜ਼ਰੀਏ ਫਰਜ਼ੀ ਲਾਭਾਰਥੀਆਂ ਦੀ ਪਛਾਣ ਨਾਲ ਹਰ ਜ਼ਰੂਰਤਮੰਦ ਤੱਕ ਯੋਜਨਾਵਾਂ ਦਾ ਲਾਭ ਪਹੁੰਚਾਇਆ ਜਾ ਸਕਦਾ ਹੈ। ਏਆਈ ਦੇ ਉਪਯੋਗ ਨੂੰ ਲੈ ਕੇ 2018 ਵਿੱਚ ਵੀ ਭਾਰਤ ਨੇ 'ਨੈਸ਼ਨਲ ਸਟ੍ਰੈਟੇਜੀ ਫਾਰ ਆਰਟੀਫਿਸ਼ੀਅਲ ਇੰਟੈਲੀਜੈਂਸ' ਦੀ ਸ਼ੁਰੂਆਤ ਕੀਤੀ ਸੀ। ਜਿਸ ਦਾ ਉਦੇਸ਼ ਕੁਝ ਖਾਸ ਖੇਤਰਾਂ ਵਿੱਚ ਏਆਈ ਦੇ ਵਿਕਾਸ ਨੂੰ ਹੁਲਾਰਾ ਦੇਣਾ ਸੀ। ਵਰ੍ਹੇ 2021

> "ਏਆਈ ਇੰਪੈਕਟ ਸਮਿਟ 2026 ਵਿੱਚ ਦੁਨੀਆ ਨੂੰ ਏਆਈ ਦੇ ਖੇਤਰ ਵਿੱਚ ਭਾਰਤ ਦੀਆਂ ਬੇਮਿਸਾਲ ਸਮਰੱਥਾਵਾਂ ਦੇਖਣ ਨੂੰ ਮਿਲੀਆਂ ਹਨ। ਇਸ ਦੌਰਾਨ ਭਾਰਤ ਨੇ ਤਿੰਨ ਮੇਡ ਇਨ ਇੰਡੀਆ ਏਆਈ ਮਾਡਲ ਵੀ ਲਾਂਚ ਕੀਤੇ। ਇਹ ਆਪਣੇ ਆਪ ਵਿੱਚ ਹੁਣ ਤੱਕ ਦੀ ਸਭ ਤੋਂ ਵੱਡੀ ਏਆਈ ਸਮਿਟ ਰਹੀ ਹੈ।
>
> **- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**



ਵਿੱਚ 'ਰਿਸਪੌਂਸਿਬਲ ਏਆਈ' 'ਤੇ ਇੱਕ ਡਰਾਫਟ ਪੇਸ਼ ਕੀਤਾ ਗਿਆ, ਜਿਸ ਵਿੱਚ ਨੈਤਿਕਤਾ, ਪਾਰਦਰਸ਼ਿਤਾ ਅਤੇ ਜਵਾਬਦੇਹੀ ਨੂੰ ਤਰਜੀਹ ਦਿੱਤੀ ਗਈ। ਇਸ ਨੈਸ਼ਨਲ ਸਟ੍ਰੈਟੇਜੀ ਨੂੰ 'ਏਆਈ ਫਾਰ ਆਲ' ਦੀ ਥੀਮ 'ਤੇ ਤਿਆਰ ਕੀਤਾ ਗਿਆ। ਪਿਛਲੇ ਸਾਲ ਹੀ ਪ੍ਰਧਾਨ ਮੰਤਰੀ ਮੋਦੀ ਦੀ ਪ੍ਰਧਾਨਗੀ ਹੇਠ ਕੇਂਦਰੀ ਕੈਬਨਿਟ ਨੇ 'ਮੇਕਿੰਗ ਏਆਈ ਇਨ ਇੰਡੀਆ' ਅਤੇ 'ਮੇਕਿੰਗ ਏਆਈ ਵਰਕ ਇਨ ਇੰਡੀਆ' ਦੇ ਵਿਜ਼ਨ 'ਤੇ ਚੱਲਦੇ ਹੋਏ 10 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੇ ਬਜਟ ਪ੍ਰਾਵਧਾਨ ਨਾਲ ਰਾਸ਼ਟਰੀ ਪੱਧਰ ਦੇ 'ਇੰਡੀਆ ਏਆਈ ਮਿਸ਼ਨ ਨੂੰ ਮਨਜ਼ੂਰੀ ਦਿੱਤੀ ਸੀ। ਇਹ ਮਿਸ਼ਨ ਜਨਤਕ ਅਤੇ ਨਿਜੀ ਖੇਤਰਾਂ ਵਿੱਚ ਰਣਨੀਤਕ ਪ੍ਰੋਗਰਾਮਾਂ ਅਤੇ ਸਾਂਝੇਦਾਰੀਆਂ ਰਾਹੀਂ ਏਆਈ ਇਨੋਵੇਸ਼ਨ ਨੂੰ ਉਤਸ਼ਾਹਿਤ ਕਰਨ ਵਾਲਾ ਇੱਕ ਵਿਸ਼ਾਲ ਈਕੋਸਿਸਟਮ ਸਥਾਪਿਤ ਕਰੇਗਾ। ਵਰ੍ਹੇ 2025 ਵਿੱਚ ਹੀ ਪ੍ਰਧਾਨ ਮੰਤਰੀ ਮੋਦੀ ਨੇ ਭਾਰਤ ਅਤੇ ਫਰਾਂਸ ਦੀ ਸਹਿ-ਪ੍ਰਧਾਨਗੀ ਵਿੱਚ ਆਯੋਜਿਤ 'ਪੈਰਿਸ ਏਆਈ ਸਮਿਟ' ਵਿੱਚ ਏਆਈ ਨੂੰ ਵਧੇਰੇ ਸਮਾਵੇਸ਼ੀ ਅਤੇ ਪ੍ਰਭਾਵਸ਼ਾਲੀ ਬਣਾਉਣ 'ਤੇ ਜ਼ੋਰ ਦਿੱਤਾ ਸੀ, ਤਾਂ ਜੋ ਇਹ ਸਮਾਜ ਦੇ ਸਾਰੇ ਵਰਗਾਂ ਦੇ ਲਈ ਉਪਯੋਗੀ ਸਿੱਧ ਹੋ ਸਕੇ। ਇਸੇ ਸੰਦਰਭ ਵਿੱਚ, ਏਆਈ ਮਹਿਲਾਵਾਂ ਦੀ ਸੁਰੱਖਿਆ ਅਤੇ ਜੈਂਡਰ ਹਿੰਸਾ ਦੀ ਰੋਕਥਾਮ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ। ਏਆਈ-ਅਧਾਰਿਤ ਐਮਰਜੈਂਸੀ ਅਲਰਟ ਸਿਸਟਮ ਮਹਿਲਾਵਾਂ ਨੂੰ ਤੁਰੰਤ ਮਦਦ ਵਿੱਚ ਸਹਾਇਤਾ ਪ੍ਰਦਾਨ ਕਰ ਸਕਦਾ ਹੈ। 'ਵਿਕਸਿਤ ਭਾਰਤ 2047' ਦੇ ਵਿਜ਼ਨ ਦੇ ਤਹਿਤ ਭਾਰਤ ਨੂੰ ਸਸ਼ਕਤ ਅਤੇ ਆਤਮ-ਨਿਰਭਰ ਰਾਸ਼ਟਰ ਦੇ ਰੂਪ ਵਿੱਚ ਸਥਾਪਿਤ ਕਰਨ ਦਾ ਟੀਚਾ ਰੱਖਿਆ ਗਿਆ ਹੈ। ਉਸ ਵਿੱਚ ਇਹ ਤਕਨੀਕ ਨਿਰਣਾਇਕ ਭੂਮਿਕਾ ਨਿਭਾਏਗੀ। ਇਹ ਤਕਨੀਕ ਇੱਕ ਸਮਾਵੇਸ਼ੀ ਅਤੇ ਪ੍ਰਗਤੀਸ਼ੀਲ ਸਮਾਜ ਦੀ ਦਿਸ਼ਾ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾ ਸਕਦੀ ਹੈ।

ਭਾਰਤ ਦੀ ਏਆਈ ਯਾਤਰਾ ਸਿਰਫ਼ ਕੋਡ ਅਤੇ ਐਲਗੋਰਿਦਮ ਦੀ ਕਹਾਣੀ ਨਹੀਂ ਹੈ। ਇਹ ਉਸ ਸੋਚ ਦੀ ਕਹਾਣੀ ਹੈ ਜਿਸ ਵਿੱਚ ਤਕਨੀਕ ਨੂੰ ਮਨੁੱਖ ਦਾ ਸਾਥੀ ਮੰਨਿਆ ਗਿਆ ਹੈ। ਅੱਜ ਭਾਰਤ ਆਰਟੀਫਿਸ਼ੀਅਲ ਇੰਟੈਲੀਜੈਂਸ ਦੇ ਯੁੱਗ ਵਿੱਚ ਉਸ ਸੋਚ ਦੇ ਨਾਲ ਅੱਗੇ ਵਧ ਰਿਹਾ ਹੈ ਜੋ ਮਨੁੱਖਤਾ ਦੀ ਦਿਸ਼ਾ ਨੂੰ ਨਵਾਂ ਰੂਪ ਦੇਵੇਗੀ। ਕੁਝ ਲੋਕਾਂ ਨੂੰ ਬੁੱਧੀਮਾਨੀ ਵਿੱਚ ਮਸ਼ੀਨਾਂ ਨੂੰ ਇਨਸਾਨਾਂ ਤੋਂ ਬਿਹਤਰ ਹੋਣ ਦੀ ਚਿੰਤਾ ਹੈ। ਲੇਕਿਨ ਸਮੂਹਿਕ ਭਵਿੱਖ ਅਤੇ ਸਾਂਝੀ ਕਿਸਮਤ ਦੀ ਚਾਬੀ ਮਨੁੱਖ ਤੋਂ ਇਲਾਵਾ ਕਿਸੇ ਹੋਰ ਕੋਲ ਨਹੀਂ ਹੈ। ਇਸ ਲਈ ਏਆਈ ਕੋਈ ਜਾਦੂ ਨਹੀਂ, ਸਗੋਂ ਇੱਕ ਸ਼ਕਤੀਸ਼ਾਲੀ ਉਪਕਰਣ ਹੈ। ਇਸ ਦਾ ਅਸਰ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਅਸੀਂ ਇਸ ਦੀ ਵਰਤੋਂ ਕਿਵੇਂ ਕਰਦੇ ਹਾਂ। ਇਸ ਦੇ ਲਈ ਭਾਰਤ ਦਾ ਸੰਦੇਸ਼ ਸਾਫ਼ ਹੈ ਕਿ "ਏਆਈ ਦਾ ਭਵਿੱਖ ਓਦੋਂ ਹੀ ਉੱਜਵਲ ਹੈ ਜਦੋਂ ਉਹ ਮਨੁੱਖਤਾ ਦੇ ਨਾਲ ਚਲੇ।"

ਨਿਸ਼ਚਿਤ ਤੌਰ 'ਤੇ ਏਆਈ ਦੇ ਨਾਲ ਅਸੀਂ ਇੱਕ ਨਵੇਂ ਯੁੱਗ ਵਿੱਚ ਪ੍ਰਵੇਸ਼ ਕਰ ਰਹੇ ਹਾਂ। ਆਰਟੀਫਿਸ਼ੀਅਲ ਇੰਟੈਲੀਜੈਂਸ ਦਾ ਵਿਸਤਾਰ ਤਕਨਾਲੋਜੀ ਦੇ ਇੱਕ ਉਪਕਰਣ ਤੋਂ ਵੀ ਕਿਤੇ ਜ਼ਿਆਦਾ ਹੈ। ਏਆਈ ਨਵੇਂ ਭਵਿੱਖ ਨੂੰ ਸਿਰਜਣ ਦਾ ਸਭ ਤੋਂ ਵੱਡਾ ਅਧਾਰ ਬਣ ਰਹੀ ਹੈ। ਏਆਈ ਦੀ ਇੱਕ ਬਹੁਤ ਵੱਡੀ ਤਾਕਤ ਹੈ, ਲੋਕਾਂ ਨੂੰ ਜੋੜਨ ਦੀ। ਏਆਈ ਦੀ ਸਹੀ ਵਰਤੋਂ ਨਾਲ ਸਿਰਫ਼ ਦੇਸ਼ ਦੀ ਆਰਥਿਕ ਤਰੱਕੀ ਹੀ ਯਕੀਨੀ ਨਹੀਂ ਹੁੰਦੀ, ਸਗੋਂ ਇਹ ਬਰਾਬਰੀ ਅਤੇ ਸਮਾਜਿਕ ਨਿਆਂ ਨੂੰ ਵੀ ਯਕੀਨੀ ਬਣਾਉਂਦੀ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਭਾਰਤ ਨੇ ਡਿਜੀਟਲ ਬੁਨਿਆਦ ਮਜ਼ਬੂਤ ਕੀਤੀ, ਏਆਈ ਮਿਸ਼ਨ ਦੀ ਸ਼ੁਰੂਆਤ ਕੀਤੀ ਅਤੇ ਦੁਨੀਆ ਨੂੰ ਇਹ ਸਪਸ਼ਟ ਸੰਦੇਸ਼ ਦਿੱਤਾ ਹੈ ਕਿ ਏਆਈ ਦਾ ਭਵਿੱਖ ਮਨੁੱਖਤਾ ਦੇ ਨਾਲ ਹੈ, ਮਨੁੱਖਤਾ ਤੋਂ ਬਿਨਾ ਨਹੀਂ। ਇੰਡੀਆ ਏਆਈ ਇੰਪੈਕਟ ਸਮਿਟ 2026 ਇਸੇ ਵਿਸ਼ਵਾਸ ਦਾ ਉਤਸਵ ਬਣਿਆ ਹੈ। ■

ਸੇਵਾ ਤੀਰਥ ਵਿੱਚ ਕੇਂਦਰੀ ਕੈਬਨਿਟ ਦੀ ਪਹਿਲੀ ਮੀਟਿੰਗ

# 'ਕੇਰਲ' ਹੋਵੇਗਾ ਹੁਣ 'ਕੇਰਲਮ'

## ਸ੍ਰੀਨਗਰ ਇੰਟਰਨੈਸ਼ਨਲ ਏਅਰਪੋਰਟ 'ਤੇ ਬਣੇਗਾ ਸਿਵਿਲ ਐਨਕਲੇਵ

ਯੁੱਗ 5127, ਵਿਕ੍ਰਮ ਸੰਵਤ 2082, ਫਾਲਗੁਨ ਸ਼ੁਕਲ ਅਸ਼ਟਮੀ, 24 ਫਰਵਰੀ ਦੇ ਦਿਨ ਨਵੇਂ ਬਣੇ ਸੇਵਾ ਤੀਰਥ ਵਿੱਚ ਕੇਂਦਰੀ ਕੈਬਨਿਟ ਦੀ ਪਹਿਲੀ ਮੀਟਿੰਗ ਹੋਈ। ਇਸ ਵਿੱਚ ਦੇਸ਼ ਲਈ ਕਈ ਬੇਮਿਸਾਲ ਫ਼ੈਸਲੇ ਲਏ ਗਏ। ਇਸ ਦੌਰਾਨ, ਕੈਬਨਿਟ ਨੇ ਇਹ ਸੰਕਲਪ ਵੀ ਲਿਆ ਕਿ ਸਵਦੇਸ਼ੀ ਸੋਚ, ਆਧੁਨਿਕ ਸਰੂਪ ਅਤੇ 140 ਕਰੋੜ ਦੇਸ਼ਵਾਸੀਆਂ ਦੀ ਅਨੰਤ ਸਮਰੱਥਾ ਦੀ ਬੁਨਿਆਦ 'ਤੇ ਬਣਿਆ ਸੇਵਾ ਤੀਰਥ ਰਾਸ਼ਟਰ ਸੇਵਾ ਦੇ ਕਰਤੱਵ-ਯੁੱਗ ਨੂੰ ਨਿਰੰਤਰ ਵਧਾਏਗਾ ਅੱਗੇ...



ਕੈਬਨਿਟ ਦੇ ਫ਼ੈਸਲਿਆਂ 'ਤੇ ਪ੍ਰੈੱਸ ਬ੍ਰੀਫਿੰਗ ਦੇਖਣ ਦੇ ਲਈ QR ਕੋਡ ਸਕੈਨ ਕਰੋ।

**ਫ਼ੈਸਲਾ: 'ਕੇਰਲ' ਰਾਜ ਦਾ ਨਾਮ ਬਦਲ ਕੇ 'ਕੇਰਲਮ' ਕਰਨ ਦੇ ਪ੍ਰਸਤਾਵ ਨੂੰ ਮਨਜ਼ੂਰੀ।**

**ਪ੍ਰਭਾਵ:** ਕੇਂਦਰੀ ਕੈਬਨਿਟ ਵੱਲੋਂ ਮਨਜ਼ੂਰ ਕੀਤੇ ਗਏ ਇਸ ਪ੍ਰਸਤਾਵ ਨੂੰ ਰਾਸ਼ਟਰਪਤੀ ਦੁਆਰਾ ਕੇਰਲ (ਨਾਮ ਤਬਦੀਲੀ) ਬਿਲ, 2026 ਨੂੰ ਕੇਰਲ ਰਾਜ ਵਿਧਾਨ ਸਭਾ ਨੂੰ ਸੰਵਿਧਾਨ ਦੀ ਧਾਰਾ 3 ਦੇ ਉਪਬੰਧਾਂ ਦੇ ਤਹਿਤ ਵਿਚਾਰ-ਵਟਾਂਦਰੇ ਲਈ ਭੇਜਿਆ ਜਾਵੇਗਾ। ਕੇਰਲ ਰਾਜ ਵਿਧਾਨ ਸਭਾ ਦੀ ਰਾਏ ਪ੍ਰਾਪਤ ਹੋਣ ਤੋਂ ਬਾਅਦ, ਭਾਰਤ ਸਰਕਾਰ ਅੱਗੇ ਦੀ ਕਾਰਵਾਈ ਕਰੇਗੀ।

**ਫ਼ੈਸਲਾ: ਸ੍ਰੀਨਗਰ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪ੍ਰਸਤਾਵਿਤ 1,677 ਕਰੋੜ ਰੁਪਏ ਦੀ ਅਨੁਮਾਨਿਤ ਲਾਗਤ ਨਾਲ ਸਿਵਿਲ ਐਨਕਲੇਵ ਦੇ ਵਿਕਾਸ ਨੂੰ ਮਨਜ਼ੂਰੀ।**

**ਪ੍ਰਭਾਵ:** ਇਹ ਕਸ਼ਮੀਰ ਘਾਟੀ ਵਿੱਚ ਐਵੀਏਸ਼ਨ ਇਨਫ੍ਰਾਸਟ੍ਰਕਚਰ ਅਤੇ ਕਨੈਕਟੀਵਿਟੀ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ। 73.18 ਏਕੜ ਵਿੱਚ ਫੈਲੇ ਨਵੇਂ ਸਿਵਿਲ ਐਨਕਲੇਵ ਪ੍ਰੋਜੈਕਟ ਵਿੱਚ 71,500 ਵਰਗ ਮੀਟਰ ਵਿੱਚ ਫੈਲਿਆ ਇੱਕ ਅਤਿ-ਆਧੁਨਿਕ ਟਰਮੀਨਲ ਭਵਨ ਹੋਵੇਗਾ, ਜਿਸ ਨੂੰ ਰੁਝੇਵਿਆਂ ਭਰੇ ਸਮੇਂ ਦੌਰਾਨ 2,900 ਯਾਤਰੀਆਂ ਦੀ ਸੇਵਾ ਅਤੇ ਪ੍ਰਤੀ ਵਰ੍ਹੇ 1 ਕਰੋੜ ਯਾਤਰੀਆਂ ਦੀ ਸਲਾਨਾ ਸਮਰੱਥਾ ਦੇ ਲਈ ਡਿਜ਼ਾਈਨ ਕੀਤਾ ਗਿਆ ਹੈ। ਇਸਦੇ ਤਹਿਤ ਸੁਰੱਖਿਆ ਕਰਮਚਾਰੀਆਂ ਦੇ ਲਈ ਬੈਰਕਾਂ ਦਾ ਨਿਰਮਾਣ ਵੀ ਸ਼ਾਮਲ ਹੈ। ਇਨਫ੍ਰਾਸਟ੍ਰਕਚਰ ਵਿੱਚ ਸੁਧਾਰ ਤੋਂ ਇਲਾਵਾ, ਇਸ ਪ੍ਰੋਜੈਕਟ ਨਾਲ ਡਲ ਝੀਲ, ਸ਼ੰਕਰਾਚਾਰਿਆ ਮੰਦਿਰ ਅਤੇ ਮੁਗਲ ਗਾਰਡਨ ਵਰਗੇ ਪ੍ਰਸਿੱਧ ਟੂਰਿਸਟ ਸਥਾਨਾਂ ਨਾਲ ਬਿਹਤਰ ਸੰਪਰਕ ਸਥਾਪਿਤ ਕਰਕੇ ਟੂਰਿਜ਼ਮ ਅਤੇ ਆਰਥਿਕ ਵਿਕਾਸ ਨੂੰ ਜ਼ਿਕਰਯੋਗ ਤੌਰ 'ਤੇ ਪ੍ਰੋਤਸਾਹਨ ਮਿਲਣ ਦੀ ਉਮੀਦ ਹੈ। ਇਸ ਨਾਲ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ, ਨਿਵੇਸ਼ ਨੂੰ ਪ੍ਰੋਤਸਾਹਨ ਮਿਲੇਗਾ। ਸ੍ਰੀਨਗਰ ਇੱਕ ਪ੍ਰਮੁੱਖ ਟੂਰਿਸਟ ਅਤੇ ਆਰਥਿਕ ਕੇਂਦਰ ਦੇ ਰੂਪ ਵਿੱਚ ਆਪਣੀ ਸਥਿਤੀ ਮਜ਼ਬੂਤ ਕਰੇਗਾ।

**ਫ਼ੈਸਲਾ: 2026-27 ਸੀਜ਼ਨ ਦੇ ਲਈ ਕੱਚੇ ਜੂਟ ਦੇ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਨੂੰ ਮਨਜ਼ੂਰੀ।**

**ਪ੍ਰਭਾਵ:** ਕੱਚੇ ਜੂਟ (ਟੀਡੀ-3 ਗ੍ਰੇਡ) ਦੀ ਐੱਮਐੱਸਪੀ 5,925 ਰੁਪਏ ਪ੍ਰਤੀ ਕੁਇੰਟਲ ਨਿਰਧਾਰਿਤ ਕੀਤੀ ਗਈ ਹੈ। ਇਸ ਨਾਲ ਜੂਟ ਦੀ ਆਲ ਇੰਡੀਆ ਔਸਤ ਉਤਪਾਦਨ ਲਾਗਤ 'ਤੇ 61.8 ਪ੍ਰਤੀਸ਼ਤ ਦਾ ਲਾਭ ਯਕੀਨੀ ਹੋਵੇਗਾ। 2026-27 ਲਈ ਕੱਚੇ ਜੂਟ ਦੀ ਐੱਮਐੱਸਪੀ ਪਿਛਲੇ ਮਾਰਕੀਟਿੰਗ ਸੀਜ਼ਨ 2025-26 ਦੀ ਤੁਲਨਾ ਵਿੱਚ 275 ਰੁਪਏ ਪ੍ਰਤੀ ਕੁਇੰਟਲ ਵੱਧ ਹੈ।

ਭਾਰਤੀ ਜੂਟ ਨਿਗਮ ਮੁੱਲ ਸਮਰਥਨ ਸੰਚਾਲਨ ਕਰਨ ਲਈ ਕੇਂਦਰ ਸਰਕਾਰ ਦੀ ਨੋਡਲ ਏਜੰਸੀ ਵਜੋਂ ਕੰਮ ਕਰਨਾ ਜਾਰੀ ਰੱਖੇਗੀ ਅਤੇ ਅਜਿਹੇ ਸੰਚਾਲਨ ਵਿੱਚ ਹੋਣ ਵਾਲੇ ਕਿਸੇ ਵੀ ਨੁਕਸਾਨ ਦੀ ਭਰਪਾਈ ਪੂਰੀ ਤਰ੍ਹਾਂ ਨਾਲ ਕੇਂਦਰ ਸਰਕਾਰ ਵੱਲੋਂ ਕੀਤੀ ਜਾਵੇਗੀ।

**ਫ਼ੈਸਲਾ: ਮਹਾਰਤਨ ਸੀਪੀਐੱਸਈ 'ਤੇ ਲਾਗੂ ਸ਼ਕਤੀਆਂ ਦੇ ਡੈਲੀਗੇਸ਼ਨ ਸਬੰਧੀ ਲੋਕ ਉੱਦਮ ਵਿਭਾਗ ਦੇ 4 ਫਰਵਰੀ, 2010 ਦੇ ਦਿਸ਼ਾ-ਨਿਰਦੇਸ਼ਾਂ ਦੇ ਤਹਿਤ ਪਾਵਰ ਗ੍ਰਿਡ ਨੂੰ ਵਧੇਰੇ ਸ਼ਕਤੀਆਂ ਸੌਂਪਣ ਦੀ ਮਨਜ਼ੂਰੀ।**


**ਪ੍ਰਭਾਵ:** ਇਸ ਮਨਜ਼ੂਰੀ ਨਾਲ ਪਾਵਰ ਗ੍ਰਿਡ ਦੀ ਪ੍ਰਤੀ ਸਹਾਇਕ ਕੰਪਨੀ ਇਕੁਇਟੀ ਨਿਵੇਸ਼ ਦੀ ਸੀਮਾ ਵਰਤਮਾਨ 5,000 ਕਰੋੜ ਰੁਪਏ ਤੋਂ ਵਧਾ ਕੇ 7,500 ਕਰੋੜ ਰੁਪਏ ਹੋ ਗਈ ਹੈ। ਜਦਕਿ ਕੰਪਨੀਆਂ ਦੀ ਕੁੱਲ ਸੰਪੱਤੀ ਦੇ 15 ਪ੍ਰਤੀਸ਼ਤ ਦੀ ਮੌਜੂਦਾ ਸੀਮਾ ਬਰਕਰਾਰ ਰੱਖੀ ਗਈ ਹੈ। ਇਸ ਮਨਜ਼ੂਰੀ ਨਾਲ ਦੇਸ਼ ਦੇ ਸਭ ਤੋਂ ਵੱਡੇ ਅਤੇ ਸਭ ਤੋਂ ਅਨੁਭਵੀ ਟ੍ਰਾਂਸਮਿਸ਼ਨ ਸਰਵਿਸ ਪ੍ਰੋਵਾਈਡਰ, ਪਾਵਰ ਗ੍ਰਿਡ ਨੂੰ ਆਪਣੇ ਮੁੱਖ ਕਾਰੋਬਾਰ ਵਿੱਚ ਨਿਵੇਸ਼ ਵਧਾਉਣ ਅਤੇ ਨਵਿਆਉਣਯੋਗ ਊਰਜਾ ਸਮਰੱਥਾ ਦੀ ਵਰਤੋਂ ਨੂੰ ਹੁਲਾਰਾ ਦੇਣ ਵਿੱਚ ਮਦਦ ਮਿਲੇਗੀ। ਇਸ ਨਾਲ ਨੌਨ-ਫੌਸਿਲ ਅਧਾਰਿਤ ਸਰੋਤਾਂ ਤੋਂ 500 ਗੀਗਾਵਾਟ ਦੇ ਟੀਚੇ ਨੂੰ ਪ੍ਰਾਪਤ ਕਰਨ ਵਿੱਚ ਮਦਦ ਮਿਲੇਗੀ।

**ਫ਼ੈਸਲਾ: ਮਹਾਰਾਸ਼ਟਰ, ਮੱਧ ਪ੍ਰਦੇਸ਼, ਬਿਹਾਰ ਅਤੇ ਝਾਰਖੰਡ ਦੇ 8 ਜ਼ਿਲ੍ਹਿਆਂ ਵਿੱਚ ਰੇਲਵੇ ਲਾਈਨਾਂ ਦੀ ਗਿਣਤੀ ਵਧਾਉਣ ਸਬੰਧੀ 3 ਮਲਟੀ-ਟ੍ਰੈਕਿੰਗ ਪ੍ਰੋਜੈਕਟਾਂ ਨੂੰ ਮਨਜ਼ੂਰੀ।**

**ਪ੍ਰਭਾਵ:** ਭਾਰਤੀ ਰੇਲਵੇ ਦੇ ਮੌਜੂਦਾ ਨੈੱਟਵਰਕ ਵਿੱਚ ਲਗਭਗ 307 ਕਿਲੋਮੀਟਰ ਦਾ ਵਾਧਾ ਹੋਵੇਗਾ। ਪ੍ਰਸਤਾਵਿਤ ਮਲਟੀ ਟ੍ਰੈਕਿੰਗ ਪ੍ਰੋਜੈਕਟ ਨਾਲ ਲਗਭਗ 5,407 ਪਿੰਡਾਂ ਦੇ ਸੰਪਰਕ ਵਿੱਚ ਸੁਧਾਰ ਹੋਵੇਗਾ, ਜਿਨ੍ਹਾਂ ਦੀ ਆਬਾਦੀ ਲਗਭਗ 98 ਲੱਖ ਹੈ। ਕੁੱਲ 9,072 ਕਰੋੜ ਰੁਪਏ ਦੀ ਅਨੁਮਾਨਿਤ ਲਾਗਤ ਨਾਲ ਇਹ ਪ੍ਰੋਜੈਕਟਸ 2030-31 ਤੱਕ ਪੂਰੇ ਹੋਣਗੇ। ਵਧੀ ਹੋਈ ਰੇਲ ਲਾਈਨ ਸਮਰੱਥਾ ਨਾਲ ਆਵਾਜਾਈ ਵਿੱਚ ਜ਼ਿਕਰਯੋਗ ਸੁਧਾਰ ਆਵੇਗਾ ਅਤੇ ਭਾਰਤੀ ਰੇਲਵੇ ਦੀ ਸੰਚਾਲਨ ਕੁਸ਼ਲਤਾ ਅਤੇ ਸੇਵਾ ਭਰੋਸੇਯੋਗਤਾ ਵਧੇਗੀ। ਇਸ ਕੰਮ ਦੇ ਪੂਰਾ ਹੋਣ 'ਤੇ ਸੰਚਾਲਨ ਸੁਚਾਰੂ ਬਣਾਉਣ ਅਤੇ ਮਾਲ ਅਤੇ ਯਾਤਰੀ ਭੀੜ ਘੱਟ ਕਰਨ ਵਿੱਚ ਮਦਦ ਮਿਲੇਗੀ।



## 'ਸੇਵਾ ਤੀਰਥ' ਵਿੱਚ ਕੇਂਦਰੀ ਕੈਬਨਿਟ ਦੀ ਇਤਿਹਾਸਕ ਪਹਿਲੀ ਮੀਟਿੰਗ



ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਪ੍ਰਧਾਨਗੀ ਹੇਠ, ਨਵੇਂ ਪ੍ਰਧਾਨ ਮੰਤਰੀ ਦਫ਼ਤਰ 'ਸੇਵਾਤੀਰਥ' ਵਿੱਚ ਕੇਂਦਰੀ ਕੈਬਨਿਟ ਦੀ ਇਤਿਹਾਸਕ ਪਹਿਲੀ ਮੀਟਿੰਗ ਆਯੋਜਿਤ ਕੀਤੀ ਗਈ। ਇਸ ਮੀਟਿੰਗ ਦੇ ਨਾਲ ਕੇਂਦਰੀ ਕੈਬਨਿਟ ਨੇ ਇਹ ਸੰਕਲਪ ਦੁਹਰਾਇਆ ਕਿ ਇੱਥੇ ਲਿਆ ਗਿਆ ਹਰ ਫ਼ੈਸਲਾ 140 ਕਰੋੜ ਦੇਸ਼ਵਾਸੀਆਂ ਦੇ ਪ੍ਰਤੀ ਸੇਵਾ ਭਾਵ ਤੋਂ ਪ੍ਰੇਰਿਤ ਹੋਵੇਗਾ ਅਤੇ ਰਾਸ਼ਟਰ ਨਿਰਮਾਣ ਦੇ ਵਿਆਪਕ ਟੀਚੇ ਨਾਲ ਜੁੜਿਆ ਹੋਵੇਗਾ। ਇਹ ਕੈਂਪਸ ਵਿੱਚ ਲਿਆ ਗਿਆ ਹਰੇਕ ਫ਼ੈਸਲਾ 'ਨਾਗਰਿਕ ਦੇਵੋ ਭਵ' ਦੀ ਭਾਵਨਾ ਤੋਂ ਪ੍ਰੇਰਿਤ ਹੋਵੇਗਾ। ਇਹ ਸਥਾਨ ਸੱਤਾ ਦੇ ਪ੍ਰਦਰਸ਼ਨ ਦਾ ਨਹੀਂ ਸਗੋਂ ਹਰੇਕ ਭਾਰਤਵਾਸੀ ਦੇ ਸਸ਼ਕਤੀਕਰਣ ਦਾ ਕੇਂਦਰ ਬਣੇਗਾ। 'ਸੇਵਾ ਤੀਰਥ' ਨਾਲ ਸੰਚਾਲਿਤ ਸ਼ਾਸਨ ਦਾ ਹਰ ਯਤਨ ਦੇਸ਼ ਦੇ ਅੰਤਿਮ ਵਿਅਕਤੀ ਦੇ ਜੀਵਨ ਨੂੰ ਸਰਲ ਬਣਾਉਣ ਦੀ ਭਾਵਨਾ ਨਾਲ ਜੁੜਿਆ ਰਹੇਗਾ।

**ਫ਼ੈਸਲਾ: ਗੁਜਰਾਤ ਮੈਟਰੋ ਰੇਲ ਨਿਗਮ ਲਿਮਿਟੇਡ ਦੇ ਅਧੀਨ ਗਿਫਟ (GIFT) ਸਿਟੀ ਤੋਂ ਸ਼ਾਹਪੁਰ ਤੱਕ ਮੌਜੂਦਾ ਉੱਤਰ-ਦੱਖਣ ਕੌਰੀਡੋਰ ਦੇ ਵਿਸਥਾਰ ਨੂੰ ਮਨਜ਼ੂਰੀ।**


**ਪ੍ਰਭਾਵ:** ਇਹ ਕੌਰੀਡੋਰ 3.33 ਕਿਲੋਮੀਟਰ ਲੰਬਾ ਹੋਵੇਗਾ ਅਤੇ ਇਸ ਵਿੱਚ 3 ਐਲੀਵੇਟਿਡ ਸਟੇਸ਼ਨ ਹੋਣਗੇ। ਇਹ ਪ੍ਰੋਜੈਕਟ ਲਗਭਗ 4 ਵਰ੍ਹਿਆਂ ਵਿੱਚ ਪੂਰਾ ਹੋਣ ਵਾਲਾ ਹੈ। ਇਸ ਪ੍ਰੋਜੈਕਟ ਦੀ ਅਨੁਮਾਨਿਤ ਲਾਗਤ 1,067.35 ਕਰੋੜ ਰੁਪਏ ਹੈ। ਇਸ ਵਿਸਤਾਰਿਤ ਕੌਰੀਡੋਰ ਨਾਲ 2029 ਵਿੱਚ ਲਗਭਗ 23,702 ਯਾਤਰੀਆਂ ਅਤੇ 2041 ਵਿੱਚ ਲਗਭਗ 58,059 ਯਾਤਰੀਆਂ ਨੂੰ ਲਾਭ ਮਿਲਣ ਦੀ ਉਮੀਦ ਹੈ। ਇਹ ਕੌਰੀਡੋਰ ਅਹਿਮਦਾਬਾਦ ਅਤੇ ਗਿਫਟ (GIFT) ਸਿਟੀ ਦੇ ਦਰਮਿਆਨ ਸੰਪਰਕ ਨੂੰ ਮਜ਼ਬੂਤ ਕਰੇਗਾ। ਪ੍ਰਸਤਾਵਿਤ ਮਾਰਗ 'ਤੇ ਸਥਿਤ ਪ੍ਰਮੁੱਖ ਮਲਟੀ ਨੈਸ਼ਨਲ ਕੰਪਨੀਆਂ, ਵਿਦਿਅਕ ਸੰਸਥਾਨਾਂ ਅਤੇ ਵਣਜ ਕੇਂਦਰਾਂ ਨੂੰ ਇਸ ਤੋਂ ਸਿੱਧੇ ਲਾਭ ਮਿਲੇਗਾ। ▪

# ਚਿੱਪ ਨਿਰਮਾਣ ਵਿੱਚ ਭਾਰਤ ਬਣੇਗਾ ਆਤਮ-ਨਿਰਭਰ

ਵਿਕਸਿਤ ਭਾਰਤ ਦਾ ਨਿਰਮਾਣ ਉਦੋਂ ਹੀ ਸੰਭਵ ਹੈ, ਜਦੋਂ ਭਾਰਤ ਆਤਮ-ਨਿਰਭਰ ਹੋਵੇਗਾ ਅਤੇ ਇਸ ਦੇ ਲਈ 'ਮੇਡ ਇਨ ਇੰਡੀਆ' ਚਿੱਪ ਦਾ ਹੋਣਾ ਬਹੁਤ ਜ਼ਰੂਰੀ ਹੈ। ਕਿਉਂਕਿ ਜਦੋਂ ਚਿੱਪ 'ਮੇਡ ਇਨ ਇੰਡੀਆ' ਹੋਵੇਗੀ ਤਾਂ ਸਾਨੂੰ ਆਧੁਨਿਕ ਸਾਜ਼ੋ-ਸਾਮਾਨ ਦੀ ਮੈਨੂਫੈਕਚਰਿੰਗ ਲਈ ਦੂਜਿਆਂ ਵੱਲ ਨਹੀਂ ਦੇਖਣਾ ਪਵੇਗਾ। ਇਹੀ ਕਾਰਨ ਹੈ ਕਿ 21 ਫਰਵਰੀ ਨੂੰ ਉੱਤਰ ਪ੍ਰਦੇਸ਼ ਵਿੱਚ ਐੱਚਸੀਐੱਲ-ਫੌਕਸਕੋਨ ਸੈਮੀਕੰਡਕਟਰ ਯੂਨਿਟ ਦੇ ਭੂਮੀ ਪੂਜਨ ਸਮਾਰੋਹ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਭਾਰਤ ਨੂੰ ਚਿੱਪ ਮੈਨੂਫੈਕਚਰਿੰਗ ਵਿੱਚ ਆਤਮ-ਨਿਰਭਰ ਬਣਾਉਣਾ ਹੈ। ਉੱਥੇ ਹੀ 28 ਫਰਵਰੀ ਨੂੰ ਉਨ੍ਹਾਂ ਨੇ ਗੁਜਰਾਤ ਦੇ ਸਾਣੰਦ ਵਿੱਚ ਮਾਈਕ੍ਰੋਨ ਤਕਨਾਲੋਜੀ ਦੀ ਸੈਮੀਕੰਡਕਟਰ ਅਸੈਂਬਲੀ, ਟੈਸਟ ਅਤੇ ਪੈਕੇਜਿੰਗ ਕੇਂਦਰ ਦਾ ਵੀ ਕੀਤਾ ਉਦਘਾਟਨ...

ਭਾਰਤ, ਅੱਜ ਵਿਕਸਿਤ ਹੋਣ ਦੇ ਟੀਚੇ 'ਤੇ ਬਹੁਤ ਤੇਜ਼ੀ ਨਾਲ ਕੰਮ ਕਰ ਰਿਹਾ ਹੈ। ਇਸ ਦਹਾਕੇ ਵਿੱਚ ਭਾਰਤ ਤਕਨਾਲੋਜੀ ਦੇ ਖੇਤਰ ਵਿੱਚ ਜੋ ਕੰਮ ਕਰ ਰਿਹਾ ਹੈ, ਉਹੀ 21ਵੀਂ ਸਦੀ ਵਿੱਚ ਦੇਸ਼ ਦੀ ਤਾਕਤ ਅਤੇ ਤਰੱਕੀ ਦੀ ਮਜ਼ਬੂਤ ਨੀਂਹ ਬਣੇਗਾ। ਗ੍ਰੀਨ ਐਨਰਜੀ, ਸਪੇਸ ਟੈੱਕ, ਡਿਜੀਟਲ ਅਤੇ ਮੈਨੂਫੈਕਚਰਿੰਗ ਤਕਨਾਲੋਜੀ ਦੇ ਨਾਲ-ਨਾਲ ਆਰਟੀਫਿਸ਼ੀਅਲ ਇੰਟੈਲੀਜੈਂਸ, ਮਨੁੱਖਤਾ ਦਾ ਭਵਿੱਖ ਤੈਅ ਕਰਨ ਵਾਲੀ ਹਰ ਤਕਨਾਲੋਜੀ ਵਿੱਚ ਭਾਰਤ ਬੇਮਿਸਾਲ ਨਿਵੇਸ਼ ਕਰ ਰਿਹਾ ਹੈ। ਉੱਤਰ ਪ੍ਰਦੇਸ਼ ਵਿੱਚ ਐੱਚਸੀਐੱਲ-ਫੌਕਸਕੋਨ ਸੈਮੀਕੰਡਕਟਰ ਯੂਨਿਟ ਦੇ ਨੀਂਹ ਪੱਥਰ ਸਮਾਰੋਹ ਦੇ ਦੌਰਾਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਭਾਰਤ ਵਿੱਚ ਸਸ਼ਕਤ ਸੈਮੀਕੰਡਕਟਰ ਈਕੋਸਿਸਟਮ ਦਾ ਵਿਕਾਸ ਵੀ ਇਸ ਦੀ ਇੱਕ ਉੱਤਮ ਉਦਾਹਰਣ ਹੈ। ਸੈਮੀਕੰਡਕਟਰ ਸੈਕਟਰ ਵਿੱਚ ਭਾਰਤ ਨੇ ਆਪਣਾ ਸਫ਼ਰ ਭਾਵੇਂ ਹੀ ਦੇਰੀ ਨਾਲ ਸ਼ੁਰੂ ਕੀਤਾ ਹੋਵੇ ਪਰ ਹੁਣ ਬਹੁਤ ਤੇਜ਼ ਗਤੀ ਨਾਲ ਅੱਗੇ ਵਧ ਰਿਹਾ ਹੈ। ਭਾਰਤ ਨੇ ਆਪਣੇ ਸੈਮੀਕੰਡਕਟਰ ਮਿਸ਼ਨ ਦੇ ਤਹਿਤ, ਹੁਣ ਤੱਕ 10 ਸੈਮੀਕੰਡਕਟਰ ਫੈਬ੍ਰੀਕੇਸ਼ਨ ਅਤੇ ਪੈਕੇਜਿੰਗ ਪ੍ਰੋਜੈਕਟਾਂ ਨੂੰ ਪ੍ਰਵਾਨਗੀ ਦਿੱਤੀ ਹੈ। ਇਨ੍ਹਾਂ ਵਿੱਚੋਂ ਚਾਰ ਯੂਨਿਟਾਂ ਵਿੱਚ ਬਹੁਤ ਜਲਦੀ ਪ੍ਰੋਡਕਸ਼ਨ ਸ਼ੁਰੂ ਹੋਣ ਵਾਲਾ ਹੈ।

ਸੈਮੀਕੰਡਕਟਰ ਈਕੋਸਿਸਟਮ ਦਾ ਮਤਲਬ ਸਿਰਫ਼ ਇੱਕ ਫੈਕਟਰੀ ਨਹੀਂ ਹੁੰਦਾ। ਇਹ ਈਕੋਸਿਸਟਮ, ਮਸ਼ੀਨ ਬਣਾਉਣ ਵਾਲੇ, ਡਿਜ਼ਾਈਨ ਇੰਜੀਨੀਅਰ, ਰਿਸਰਚ ਇੰਸਟੀਟਿਊਸ਼ਨਜ਼, ਲੌਜਿਸਟਿਕਸ ਨੈੱਟਵਰਕ ਅਤੇ ਕੁਸ਼ਲ ਟੈਕਨੀਸ਼ੀਅਨਸ ਜਿਹੇ ਕਈ ਲੇਅਰਸ ਨਾਲ ਮਿਲਾ ਕੇ ਬਣਦਾ ਹੈ। ਸਭ ਦੇ ਤਾਲਮੇਲ ਨਾਲ ਇੱਕ ਚਿੱਪ ਤਿਆਰ ਹੁੰਦੀ ਹੈ।




> “ਹੁਣ ਤੱਕ ਸੈਮੀਕੌਨ ਇੰਡੀਆ ਪ੍ਰੋਗਰਾਮ ਦੇ ਤਹਿਤ ਕੁੱਲ 10 ਪ੍ਰੋਜੈਕਟਸ ਨੂੰ ਮਨਜ਼ੂਰੀ ਦਿੱਤੀ ਜਾ ਚੁੱਕੀ ਹੈ। ਇਨ੍ਹਾਂ ਵਿੱਚੋਂ ਮਾਈਕ੍ਰੋਨ ਦੇ ਇਲਾਵਾ, ਤਿੰਨ ਹੋਰ ਪ੍ਰੋਜੈਕਟਸ ਵੀ ਬਹੁਤ ਜਲਦੀ ਪ੍ਰੋਡਕਸ਼ਨ ਸ਼ੁਰੂ ਕਰਨ ਵਾਲੇ ਹਨ। ਅਸੀਂ ਜੋ ਸੈਮੀਕੰਡਕਟਰ ਈਕੋਸਿਸਟਮ ਬਣਾ ਰਹੇ ਹਾਂ ਉਹ ਪੈਨ ਇੰਡੀਆ ਹੈ। ਯਾਨੀ ਵਿਕਸਿਤ ਭਾਰਤ ਦੇ ਨਵੇਂ ਟੈਕ ਹੱਬਸ ਦੇਸ਼ ਦੇ ਹਰ ਹਿੱਸੇ ਵਿੱਚ ਵਿਕਸਿਤ ਕੀਤੇ ਜਾ ਰਹੇ ਹਨ।
>
> **- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।







## ਐੱਚਸੀਐੱਲ-ਫੌਕਸਕੋਨ ਸੰਯੁਕਤ ਉੱਦਮ ਪ੍ਰੋਜੈਕਟ - ਇੰਡੀਆ ਚਿੱਪ ਪ੍ਰਾਈਵੇਟ ਲਿਮਿਟੇਡ ਦਾ ਨੀਂਹ ਪੱਥਰ

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਉੱਤਰ ਪ੍ਰਦੇਸ਼ ਦੇ ਯਮੁਨਾ ਐਕਸਪ੍ਰੈੱਸਵੇਅ ਉਦਯੋਗਿਕ ਵਿਕਾਸ ਅਥਾਰਿਟੀ ਵਿੱਚ ਐੱਚਸੀਐੱਲ-ਫੌਕਸਕੋਨ (HCL-Foxconn) ਸੰਯੁਕਤ ਉੱਦਮ ਪ੍ਰੋਜੈਕਟ - ਇੰਡੀਆ ਚਿੱਪ ਪ੍ਰਾਈਵੇਟ ਲਿਮਿਟੇਡ ਦਾ ਨੀਂਹ ਪੱਥਰ ਰੱਖਿਆ।
- ਐੱਚਸੀਐੱਲ-ਫੌਕਸਕੋਨ ਸੈਮੀਕੰਡਕਟਰ ਫੈਸੀਲਿਟੀ ਦੀ ਸਥਾਪਨਾ ਭਾਰਤ ਦੀ ਤਕਨੀਕੀ ਆਤਮ-ਨਿਰਭਰਤਾ ਦੀ ਯਾਤਰਾ ਵਿੱਚ ਇੱਕ ਮਹੱਤਵਪੂਰਨ ਪੜਾਅ ਹੈ।
- ਇਸ ਪ੍ਰੋਜੈਕਟ ਦੇ ਮਾਧਿਅਮ ਨਾਲ ਭਾਰਤ ਨੂੰ ਹਾਈ-ਐਂਡ ਇਲੈਕਟ੍ਰੌਨਿਕਸ ਅਤੇ ਸੈਮੀਕੰਡਕਟਰ ਮੈਨੂਫੈਕਚਰਿੰਗ ਲਈ ਇੱਕ ਭਰੋਸੇਯੋਗ ਗਲੋਬਲ ਡੈਸਟੀਨੇਸ਼ਨ ਦੇ ਰੂਪ ਵਿੱਚ ਸਥਾਪਿਤ ਕਰਨ ਦਾ ਟੀਚਾ ਰੱਖਿਆ ਗਿਆ ਹੈ।

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਲਈ QR ਕੋਡ ਨੂੰ ਸਕੈਨ ਕਰੋ।

## ਪ੍ਰੋਜੈਕਟ 'ਤੇ 3,700 ਕਰੋੜ ਰੁਪਏ ਤੋਂ ਵੱਧ ਦਾ ਨਿਵੇਸ਼

- 3,700 ਕਰੋੜ ਰੁਪਏ ਤੋਂ ਵੱਧ ਦੇ ਨਿਵੇਸ਼ ਵਾਲਾ ਇਹ ਪ੍ਰੋਜੈਕਟ ਘਰੇਲੂ ਨਿਰਮਾਣ ਸਮਰੱਥਾਵਾਂ ਨੂੰ ਮਜ਼ਬੂਤ ਕਰਨ, ਆਯਾਤ 'ਤੇ ਨਿਰਭਰਤਾ ਘੱਟ ਕਰਨ ਅਤੇ ਇੱਕ ਮਜ਼ਬੂਤ ਗਲੋਬਲ ਸਪਲਾਈ ਚੇਨ ਬਣਾਉਣ ਵਿੱਚ ਮਦਦ ਕਰੇਗਾ।
- ਇਹ ਮੋਬਾਈਲ ਫੋਨ, ਟੈਬਲੇਟ, ਲੈਪਟੌਪ, ਆਟੋਮੋਟਿਵ, ਖਪਤਕਾਰ ਇਲੈਕਟ੍ਰੌਨਿਕਸ ਅਤੇ ਹੋਰ ਉਪਕਰਣਾਂ ਵਰਗੇ ਪ੍ਰਮੁੱਖ ਖੇਤਰਾਂ ਨੂੰ ਸਹਿਯੋਗ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗਾ।
- ਇਸ ਪਹਿਲਕਦਮੀ ਰਾਹੀਂ ਭਾਰਤ ਦੇ ਸੈਮੀਕੰਡਕਟਰ ਈਕੋਸਿਸਟਮ ਨੂੰ ਵੱਡਾ ਹੁਲਾਰਾ ਮਿਲੇਗਾ, ਜਿਸ ਨਾਲ ਇਨੋਵੇਸ਼ਨ, ਸਕਿੱਲ ਡਿਵੈਲਪਮੈਂਟ ਅਤੇ ਤਕਨਾਲੋਜੀ ਟ੍ਰਾਂਸਫਰ ਨੂੰ ਹੁਲਾਰਾ ਮਿਲੇਗਾ।
- ਇੰਜੀਨੀਅਰਾਂ, ਟੈਕਨੀਸ਼ੀਅਨਾਂ ਅਤੇ ਪ੍ਰੋਫੈਸ਼ਨਲਜ਼ ਦੇ ਲਈ ਹਜ਼ਾਰਾਂ ਪ੍ਰਤੱਖ ਅਤੇ ਅਪ੍ਰਤੱਖ ਰੁਜ਼ਗਾਰ ਪੈਦਾ ਹੋਣ ਦੀ ਉਮੀਦ ਹੈ। ਇਸ ਦੇ ਨਾਲ ਹੀ ਇਹ ਸਹਾਇਕ ਉਦਯੋਗਾਂ ਵਿੱਚ ਵਿਕਾਸ ਨੂੰ ਵੀ ਗਤੀ ਪ੍ਰਦਾਨ ਕਰੇਗਾ।
- ਇਹ ਪ੍ਰੋਜੈਕਟ ਇੱਕ ਮਜ਼ਬੂਤ ਅਤੇ ਆਤਮ - ਨਿਰਭਰ ਇਲੈਕਟ੍ਰੌਨਿਕਸ ਮੈਨੂਫੈਕਚਰਿੰਗ ਈਕੋਸਿਸਟਮ ਨੂੰ ਬਣਾਉਣ ਦੀ ਦਿਸ਼ਾ ਵਿੱਚ ਵੱਡੇ ਕਦਮ ਦੀ ਪ੍ਰਤੀਨਿਧਤਾ ਕਰਦਾ ਹੈ।

## ਇੰਡੀਆ ਸੈਮੀਕੰਡਕਟਰ ਮਿਸ਼ਨ ਦੇ ਪਹਿਲੇ ਏਟੀਐੱਮਪੀ ਦਾ ਗੁਜਰਾਤ ਵਿੱਚ ਉਦਘਾਟਨ

- ਸਾਨੰਦ ਏਟੀਐੱਮਪੀ ਪਲਾਂਟ ਤੋਂ ਭਾਰਤ ਵਿੱਚ ਬਣੇ ਪਹਿਲੇ ਸੈਮੀਕੰਡਕਟਰ ਮੈਮੋਰੀ ਮੌਡਿਊਲ ਦਾ ਵਪਾਰਕ ਉਤਪਾਦਨ ਅਤੇ ਸ਼ਿਪਮੈਂਟ ਸ਼ੁਰੂ ਹੋ ਗਿਆ ਹੈ। ਇਹ ਵਿਕਾਸ ਗਲੋਬਲ ਸੈਮੀਕੰਡਕਟਰ ਵੈਲਿਊ ਚੇਨ ਵਿੱਚ ਭਾਰਤ ਦੀ ਸਥਿਤੀ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਇੱਕ ਵੱਡਾ ਕਦਮ ਹੈ।
- ਸਾਨੰਦ ਦੇ ਇਸ ਪ੍ਰੋਜੈਕਟ ਦਾ ਨੀਂਹ ਪੱਥਰ ਸਤੰਬਰ 2023 ਵਿੱਚ ਰੱਖਿਆ ਗਿਆ ਸੀ ਅਤੇ ਇਹ ਇੰਡੀਆ ਸੈਮੀਕੰਡਕਟਰ ਮਿਸ਼ਨ (ਆਈਐੱਸਐੱਮ) ਦੇ ਤਹਿਤ ਮਨਜ਼ੂਰ ਹੋਣ ਵਾਲਾ ਪਹਿਲਾ ਪ੍ਰਸਤਾਵ ਸੀ।
- ਇਸ ਨੂੰ 22,500 ਕਰੋੜ ਰੁਪਏ ਤੋਂ ਵੱਧ ਦੇ ਕੁੱਲ ਖਰਚੇ ਨਾਲ, ਨਿਰਮਾਣ ਕਾਰਜ ਦੀ ਪ੍ਰਵਾਨਗੀ ਦੇ ਤੁਰੰਤ ਬਾਅਦ ਸ਼ੁਰੂ ਕੀਤਾ ਗਿਆ ਸੀ। ਇਸ ਨਾਲ ਦੇਸ਼ ਵਿੱਚ ਰਣਨੀਤਕ ਸੈਮੀਕੰਡਕਟਰ ਨਿਵੇਸ਼ ਨੂੰ ਗਤੀ ਦੇਣ ਦੇ ਲਈ ਸਰਕਾਰ ਦੀ ਵਚਨਬੱਧਤਾ ਦਾ ਪਤਾ ਚਲਦਾ ਹੈ।
- ਸਾਨੰਦ ਪਲਾਂਟ ਪੂਰੀ ਤਰ੍ਹਾਂ ਨਾਲ ਸ਼ੁਰੂ ਹੋ ਜਾਣ 'ਤੇ ਲਗਭਗ 5 ਲੱਖ ਵਰਗ ਫੁੱਟ ਦਾ ਕਲੀਨਰੂਮ ਖੇਤਰ ਉਪਲਬਧ ਹੋਵੇਗਾ ਅਤੇ ਇੱਥੇ ਦੁਨੀਆ ਦੇ ਸਭ ਤੋਂ ਵੱਡੇ ਰੇਜ਼ਡ-ਫਲੋਰ ਕਲੀਨਰੂਮਾਂ ਵਿੱਚੋਂ ਇੱਕ ਬਣ ਜਾਵੇਗਾ।

ਭਾਰਤ ਵੀ, ਸੈਮੀਕੰਡਕਟਰ ਈਕੋਸਿਸਟਮ ਦੀ ਪੂਰੀ ਵੈਲਿਊ ਚੇਨ ‘ਤੇ ਫੋਕਸ ਕਰ ਰਿਹਾ ਹੈ। ਗੁਜਰਾਤ ਦੇ ਸਾਨੰਦ ਵਿੱਚ ਮਾਈਕ੍ਰੋਨ ਸੈਮੀਕੰਡਕਟਰ ਤਕਨਾਲੋਜੀ ਇੰਡੀਆ ਪ੍ਰਾਈਵੇਟ ਲਿਮਿਟੇਡ ਦੀ ਸੁਵਿਧਾ ਦੇ ਉਦਘਾਟਨ ਮੌਕੇ ‘ਤੇ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਇਸ ਵਰ੍ਹੇ ਦੇ ਬਜਟ ਵਿੱਚ ਇੰਡੀਆ ਸੈਮੀਕੰਡਕਟਰ ਮਿਸ਼ਨ 2.0 ਦਾ ਐਲਾਨ ਕੀਤਾ ਗਿਆ ਹੈ। ਇਸ ਦਾ ਮਕਸਦ ਹੈ ਕਿ ਜਿਵੇਂ-ਜਿਵੇਂ ਪ੍ਰੋਡਕਸ਼ਨ ਵਧੇਗਾ, ਓਵੇਂ ਭਾਰਤ ਵਿੱਚ ਹੀ ਕੰਪੋਨੈਂਟਸ ਅਤੇ ਸਮੱਗਰੀ ਦੀ ਮੰਗ ਵਧੇਗੀ। ■

ਤਮਿਲ ਨਾਡੂ ਅਤੇ ਪੁਡੂਚੇਰੀ ਨੂੰ ਮਿਲੇ 7,100 ਕਰੋੜ ਰੁਪਏ ਦੇ ਪ੍ਰੋਜੈਕਟਸ

# ਮਜ਼ਬੂਤ ਇਨਫ੍ਰਾਸਟ੍ਰਕਚਰ... ਜੀਵਨ ਹੋਵੇਗਾ ਹੋਰ ਬਿਹਤਰ



ਮੈਂ ਜਦੋਂ ਪਹਿਲਾਂ ਇੱਥੇ ਆਇਆ ਸੀ, ਤਦ ਮੈਂ BEST ਪੁਡੂਚੇਰੀ ਦਾ ਮੰਤਰ ਦਿੱਤਾ ਸੀ। BEST ਦਾ ਮਤਲਬ ਹੈ- ਬਿਜ਼ਨਸ, ਐਜੂਕੇਸ਼ਨ, ਸਪਿਰਿਚੁਐਲਿਟੀ ਅਤੇ ਟੂਰਿਜ਼ਮ। ਪਿਛਲੇ ਸਾਢੇ ਚਾਰ ਵਰ੍ਹਿਆਂ ਵਿੱਚ ਇਹ ਸੋਚ ਹੁਣ ਹਕੀਕਤ ਬਣਦੀ ਦਿਖਾਈ ਦੇ ਰਹੀ ਹੈ।

**- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਮਜ਼ਬੂਤ ਅਤੇ ਸਸ਼ਕਤ ਯੁਵਾ, ਸਿਹਤਮੰਦ ਮਨੁੱਖੀ ਸ਼ਕਤੀ, ਆਵਾਜਾਈ-ਸੰਪਰਕ ਦੇ ਨਾਲ ਇਨਫ੍ਰਾਸਟ੍ਰਕਚਰ 'ਤੇ ਨਿਵੇਸ਼ ਕਿਸੇ ਵੀ ਰਾਸ਼ਟਰ ਦੀ ਤਰੱਕੀ ਦਾ ਸਭ ਤੋਂ ਮਹੱਤਵਪੂਰਨ ਸਾਰਥੀ ਹੁੰਦਾ ਹੈ। ਭਾਰਤ ਸਰਕਾਰ ਅਤਿ-ਆਧੁਨਿਕ ਇਨਫ੍ਰਾਸਟ੍ਰਕਚਰ ਦਾ ਲਗਾਤਾਰ ਨਿਰਮਾਣ ਕਰ ਰਹੀ ਹੈ। ਵਿੱਤ ਵਰ੍ਹੇ 2026-27 ਵਿੱਚ ਇਨਫ੍ਰਾਸਟ੍ਰਕਚਰ 'ਤੇ 12 ਲੱਖ ਕਰੋੜ ਰੁਪਏ ਖਰਚ ਕੀਤੇ ਜਾਣਗੇ। ਇਨਫ੍ਰਾਸਟ੍ਰਕਚਰ ਦੇ ਲਈ ਵੱਧ ਫੰਡ... ਮਤਲਬ, ਲੋਕਾਂ ਦਾ ਜੀਵਨ ਹੋਰ ਅਸਾਨ ਬਣਾਉਣ ਵਾਲੀਆਂ ਸੜਕਾਂ, ਵਾਟਰ ਸਪਲਾਈ, ਤਟਵਰਤੀ ਇਨਫ੍ਰਾਸਟ੍ਰਕਚਰ, ਸਕੂਲ ਅਤੇ ਹਸਪਤਾਲ ਦਾ ਨਿਰਮਾਣ। ਇਸੇ ਕੜੀ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 1 ਮਾਰਚ ਨੂੰ ਮਦੁਰੈ ਵਿੱਚ 4,400 ਕਰੋੜ ਰੁਪਏ ਅਤੇ ਪੁਡੂਚੇਰੀ ਵਿੱਚ 2,700 ਕਰੋੜ ਰੁਪਏ ਦੇ ਵੱਖ-ਵੱਖ ਪ੍ਰੋਜੈਕਟਾਂ ਦਾ ਕੀਤਾ ਉਦਘਾਟਨ ਅਤੇ ਰੱਖਿਆ ਨੀਂਹ ਪੱਥਰ...

ਰਾਸ਼ਟਰ ਨੂੰ ਵਿਕਸਿਤ ਭਾਰਤ ਦੀ ਸੰਕਲਪ ਸਿੱਧੀ ਦੇ ਲਈ ਤਿਆਰ ਕਰਨ ਵਿੱਚ ਜੁਟੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 1 ਮਾਰਚ ਨੂੰ ਤਮਿਲ ਨਾਡੂ ਦੇ ਮਦੁਰੈ ਵਿੱਚ 4,400 ਕਰੋੜ ਰੁਪਏ ਤੋਂ ਵੱਧ ਦੇ ਵੱਖ-ਵੱਖ ਇਨਫ੍ਰਾਸਟ੍ਰਕਚਰ ਪ੍ਰੋਜੈਕਟਾਂ ਦਾ ਕੀਤਾ ਉਦਘਾਟਨ, ਸਮਰਪਿਤ ਕੀਤੇ ਅਤੇ ਰੱਖਿਆ ਨੀਂਹ ਪੱਥਰ। ਉੱਥੇ ਹੀ ਪੁਡੂਚੇਰੀ ਵਿੱਚ ਇਨਫ੍ਰਾਸਟ੍ਰਕਚਰ ਨੂੰ ਮਜ਼ਬੂਤ ਕਰਨ, ਨਾਗਰਿਕ ਸੁਵਿਧਾਵਾਂ ਦੇ ਵਿਸਥਾਰ, ਉਦਯੋਗਿਕ ਤਰੱਕੀ, ਸਿੱਖਿਆ, ਵਿਸ਼ਵ ਪੱਧਰੀ ਸਿਹਤ ਸੇਵਾਵਾਂ ਅਤੇ ਸਸਟੇਨੇਬਲ ਗ੍ਰੋਥ ਨੂੰ ਗਤੀ ਦੇਣ ਵਾਲੇ ਵੱਖ-ਵੱਖ ਪ੍ਰੋਜੈਕਟਸ ਰਾਸ਼ਟਰ ਨੂੰ ਸਮਰਪਿਤ ਕੀਤੇ, ਕੁਝ ਪ੍ਰੋਜੈਕਟਾਂ ਦਾ ਨੀਂਹ ਪੱਥਰ ਵੀ ਰੱਖਿਆ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਮਦੁਰੈ ਅਤੇ ਪੁਡੂਚੇਰੀ ਵਿੱਚ ਜਨਤਕ ਇਕੱਠ ਨੂੰ ਸੰਬੋਧਨ ਕੀਤਾ। ਉੱਥੇ ਉਨ੍ਹਾਂ ਨੇ ਕਿਹਾ ਕਿ ਮਦੁਰੈ ਵਿੱਚ ਇਨਫ੍ਰਾਸਟ੍ਰਕਚਰ ਕਾਰਜਾਂ ਨਾਲ ਕਨੈਕਟੀਵਿਟੀ ਵਿੱਚ ਸੁਧਾਰ ਹੋਵੇਗਾ ਅਤੇ ਪੂਰੇ ਤਮਿਲ ਨਾਡੂ ਦੇ ਲੋਕਾਂ ਨੂੰ ਮਹੱਤਵਪੂਰਨ ਲਾਭ ਹੋਵੇਗਾ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਮਦੁਰੈ ਦੇ ਪ੍ਰੋਗਰਾਮ ਵਿੱਚ ਕਿਹਾ ਕਿ ਹਾਈ-ਕੁਆਲਿਟੀ ਇਨਫ੍ਰਾਸਟ੍ਰਕਚਰ ਦਾ ਨਿਰਮਾਣ ਲੋਕਾਂ ਦੇ ਸਸ਼ਕਤੀਕਰਣ ਦਾ ਮਾਧਿਅਮ ਹੈ। ਪਿਛਲੇ ਇੱਕ ਦਹਾਕੇ ਵਿੱਚ ਕੇਂਦਰ ਸਰਕਾਰ ਨੇ ਤਮਿਲ ਨਾਡੂ ਦੇ ਹਾਈਵੇਅ 'ਤੇ ਭਾਰੀ ਨਿਵੇਸ਼ ਕੀਤਾ ਹੈ, ਜਿਸ ਨਾਲ ਤੀਰਥ ਯਾਤਰੀਆਂ ਦੀ ਯਾਤਰਾ ਬਿਹਤਰ ਹੋਈ ਹੈ। ਖੇਤੀਬਾੜੀ ਅਤੇ ਸਮੁੰਦਰੀ ਉਤਪਾਦਾਂ ਦੀ ਢੁਲਾਈ ਅਸਾਨ ਹੋਈ ਹੈ। ਪਿਛਲੇ ਦਸ ਵਰ੍ਹਿਆਂ ਵਿੱਚ ਭਾਰਤੀ ਰੇਲਵੇ ਇੱਕ ਆਧੁਨਿਕ, ਕੁਸ਼ਲ ਅਤੇ ਜਨਤਕ-ਕੇਂਦ੍ਰਿਤ ਆਵਾਜਾਈ ਪ੍ਰਣਾਲੀ ਵਿੱਚ ਬਦਲ ਗਈ ਹੈ।




ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

## ਪੁਡੂਚੇਰੀ ਵਿੱਚ ਉਦਘਾਟਨ ਅਤੇ ਨੀਂਹ ਪੱਥਰ ਵਾਲੇ ਪ੍ਰਮੁੱਖ ਪ੍ਰੋਜੈਕਟਸ

- ਪੀਐੱਮ ਈ-ਬੱਸ ਸੇਵਾ ਦੇ ਤਹਿਤ ਈ-ਬੱਸਾਂ ਦੇ ਸੰਚਾਲਨ ਦੀ ਸ਼ੁਰੂਆਤ।
- ਪੁਡੂਚੇਰੀ ਸਰਕਾਰ ਦੀਆਂ ਸੀਵਰੇਜ ਅਤੇ ਜਲ ਸਪਲਾਈ ਖੇਤਰ ਦੀਆਂ ਯੋਜਨਾਵਾਂ ਦਾ ਉਦਘਾਟਨ।
- ਨੈਸ਼ਨਲ ਇੰਸਟੀਟਿਊਟ ਔਫ ਟੈਕਨੋਲੋਜੀ (ਐੱਨਆਈਟੀ), ਕਰਾਈਕਲ ਦੇ ਡਾ. ਏਪੀਜੇ. ਅਬਦੁਲ ਕਲਾਮ ਇੰਜੀਨੀਅਰਿੰਗ ਬਲੌਕ ਅਤੇ ਗੰਗਾ ਹੌਸਟਲ, ਜਿਪਮੇਰ (JIPMER) ਵਿੱਚ ਖੇਤਰੀ ਕੈਂਸਰ ਕੇਂਦਰ ਦੇ ਆਧੁਨਿਕੀਕਰਣ ਅਤੇ ਪੁਡੂਚੇਰੀ ਯੂਨੀਵਰਸਿਟੀ ਦੇ ਨਵੇਂ ਭਵਨਾਂ ਅਤੇ ਹੋਸਟਲਾਂ ਦਾ ਉਦਘਾਟਨ।
- 750 ਏਕੜ ਵਿੱਚ ਫੈਲਿਆ ਕਰਾਸੂਰ-ਸੇਦਰਾਪੇਟ ਉਦਯੋਗਿਕ ਖੇਤਰ ਰਾਸ਼ਟਰ ਨੂੰ ਸਮਰਪਿਤ।
- ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਦੇ ਤਹਿਤ 41 ਪੇਂਡੂ ਸੜਕਾਂ ਦੇ ਨਿਰਮਾਣ, ਪੁਡੂਚੇਰੀ ਵਿੱਚ ਹੈਰੀਟੇਜ ਟਾਊਨ ਦੇ ਵਿਕਾਸ ਅਤੇ ਮਿਸ਼ਟੀ (MISHTI) ਯੋਜਨਾ ਦੇ ਤਹਿਤ ਮੈਂਗਰੋਵ (Mangrove) ਸੁਰੱਖਿਆ ਕਾਰਜਾਂ ਦਾ ਨੀਂਹ ਪੱਥਰ।

## ਐੱਸਏਐੱਸਸੀਆਈ ਸਕੀਮ ਵਿੱਚ ਪੁਡੂਚੇਰੀ ਸ਼ਾਮਲ

ਰਾਜਾਂ ਨੂੰ ਪੂੰਜੀਗਤ ਨਿਵੇਸ਼ ਦੇ ਲਈ ਵਿਸ਼ੇਸ਼ ਸਹਾਇਤਾ ਸਕੀਮ (ਐੱਸਏਐੱਸਸੀਆਈ - ਸਪੈਸ਼ਲ ਅਸਿਸਟੈਂਸ ਟੂ ਸਟੇਟਸ ਫਾਰ ਕੈਪੀਟਲ ਇਨਵੈਸਟਮੈਂਟ) ਦੇ ਤਹਿਤ ਸ਼ਹਿਰੀ ਸੜਕਾਂ, ਜਲ ਨਿਕਾਸੀ ਨੈੱਟਵਰਕ, ਜਨਤਕ ਭਵਨਾਂ, ਹੋਸਟਲਾਂ ਅਤੇ ਖੇਡ ਸਹੂਲਤਾਂ ਵਰਗੇ ਪ੍ਰਮੁੱਖ ਖੇਤਰਾਂ ਨਾਲ ਜੁੜੇ ਵੱਖ-ਵੱਖ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਿਆ ਗਿਆ। ਭਾਰਤ ਸਰਕਾਰ ਨੇ ਪੁਡੂਚੇਰੀ ਨੂੰ ਐੱਸਏਐੱਸਸੀਆਈ ਸਕੀਮ ਵਿੱਚ ਸ਼ਾਮਲ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ, ਜੋ ਕਿ ਮੂਲ ਰੂਪ ਨਾਲ ਸਿਰਫ਼ ਰਾਜਾਂ ਤੱਕ ਹੀ ਸੀਮਿਤ ਸੀ।

## ਤਮਿਲ ਨਾਡੂ ਵਿੱਚ ਤੇਜ਼ ਹੋਇਆ ਵਿਕਾਸ

- ਵਰ੍ਹੇ 2014 ਤੋਂ ਹੁਣ ਤੱਕ ਤਮਿਲ ਨਾਡੂ ਵਿੱਚ 4,000 ਕਿਲੋਮੀਟਰ ਰਾਜ ਮਾਰਗ ਦਾ ਨਿਰਮਾਣ ਕੀਤਾ ਗਿਆ ਹੈ।
- ਪਿਛਲੇ ਦਹਾਕੇ ਦੀ ਤੁਲਨਾ ਵਿੱਚ ਤਮਿਲ ਨਾਡੂ ਲਈ ਇਨਫ੍ਰਾਸਟ੍ਰਕਚਰ ਫੰਡਿੰਗ ਵਿੱਚ ਤਿੰਨ ਗੁਣਾ ਵਾਧਾ ਹੋਇਆ ਹੈ। ਮੌਜੂਦਾ ਸਰਕਾਰ ਦੇ ਕਾਰਜਕਾਲ ਸੰਭਾਲਣ ਤੋਂ ਬਾਅਦ ਰੇਲਵੇ ਬਜਟ ਵਿੱਚ ਲਗਭਗ ਨੌਂ ਗੁਣਾ ਵਾਧਾ ਹੋਇਆ ਹੈ।
- 2009 ਤੋਂ 2014 ਦੇ ਦਰਮਿਆਨ ਸਲਾਨਾ ਬਜਟ ਅਲਾਟਮੈਂਟ 880 ਕਰੋੜ ਰੁਪਏ ਸੀ, ਉੱਥੇ ਹੀ ਵਰ੍ਹੇ 2026-27 ਦੇ ਲਈ ਇਸ ਨੂੰ ਵਧਾ ਕੇ 7,600 ਕਰੋੜ ਰੁਪਏ ਕਰ ਦਿੱਤਾ ਗਿਆ ਹੈ।
- ਰਾਜ ਵਿੱਚ 1,300 ਕਿਲੋਮੀਟਰ ਤੋਂ ਵੱਧ ਦੀਆਂ ਨਵੀਆਂ ਰੇਲ ਪਟੜੀਆਂ ਵਿਛਾਈਆਂ ਗਈਆਂ ਹਨ, 97 ਪ੍ਰਤੀਸ਼ਤ ਇਲੈਕਟ੍ਰੀਫਿਕੇਸ਼ਨ ਦਾ ਟੀਚਾ ਹਾਸਲ ਕਰ ਲਿਆ ਗਿਆ ਹੈ।
- ਨਵੇਂ ਪੰਬਨ ਬ੍ਰਿਜ ਦਾ ਉਦਘਾਟਨ ਹੋਇਆ ਹੈ, ਜੋ ਭਾਰਤ ਦਾ ਪਹਿਲਾ ਵਰਟੀਕਲ ਬ੍ਰਿਜ ਹੈ।
- ਵਰਤਮਾਨ ਵਿੱਚ 9 ਵੰਦੇ ਭਾਰਤ ਅਤੇ 9 ਅੰਮ੍ਰਿਤ ਭਾਰਤ ਟ੍ਰੇਨਾਂ ਤਮਿਲ ਨਾਡੂ ਦੇ ਲੋਕਾਂ ਦੀ ਸੇਵਾ ਕਰ ਰਹੀਆਂ ਹਨ, ਜਿਨ੍ਹਾਂ ਦੇ ਕੋਚ ਚੇੱਨਈ ਸਥਿਤ ਇੰਟੇਗਰਿਲ ਕੋਚ ਫੈਕਟਰੀ (ਆਈਸੀਐੱਫ) ਵਿੱਚ ਤਿਆਰ ਕੀਤੇ ਗਏ ਹਨ।
- ਅੰਮ੍ਰਿਤ ਭਾਰਤ ਸਟੇਸ਼ਨ ਯੋਜਨਾ ਦੇ ਤਹਿਤ ਰਾਜ ਦੇ 77 ਰੇਲਵੇ ਸਟੇਸ਼ਨਾਂ ਦਾ ਆਧੁਨਿਕੀਕਰਣ ਕੀਤਾ ਜਾ ਰਿਹਾ ਹੈ।

## ਤਮਿਲ ਨਾਡੂ ਵਿੱਚ ਪ੍ਰਮੁੱਖ ਪ੍ਰੋਜੈਕਟਸ

- ਐੱਨਐੱਚ-332ਏ ਦੇ ਮਰੱਕਨਮ-ਪੁਡੂਚੇਰੀ ਸੈਕਸ਼ਨ ਅਤੇ ਐੱਨਐੱਚ-87 ਦੇ ਪਰਮਕੁਡੀ-ਰਾਮਨਾਥਪੁਰਮ ਸੈਕਸ਼ਨ ਨੂੰ ਫੋਰ-ਲੇਨ (ਚਾਰ-ਲੇਨ) ਬਣਾਉਣ ਦਾ ਨੀਂਹ ਪੱਥਰ ਰੱਖਿਆ।
- 'ਅੰਮ੍ਰਿਤ ਭਾਰਤ ਸਟੇਸ਼ਨ ਯੋਜਨਾ' ਦੇ ਤਹਿਤ 8 ਮੁੜ-ਵਿਕਸਿਤ ਰੇਲਵੇ ਸਟੇਸ਼ਨਾਂ ਦਾ ਉਦਘਾਟਨ ਜਿਸ ਵਿੱਚ ਮੇਰੱਪਰ, ਬੋਮਿਡੀ, ਸ਼੍ਰੀਵਿਲੀਪੁਤੁਰ, ਸ਼ੋਲਾਵੰਦਨ, ਮਨਾਪਰਾਈ, ਪੋਲਾਚੀ ਜੰਕਸ਼ਨ, ਕਰਾਈਕੁਡੀ ਜੰਕਸ਼ਨ ਅਤੇ ਤਿਰੂਵਰੂਰ ਜੰਕਸ਼ਨ ਸ਼ਾਮਲ ਹਨ।
- ਚੇੱਨਈ ਬੀਚ - ਚੇੱਨਈ ਐਗਮੋਰ ਚੌਥੀ ਲਾਈਨ ਰਾਸ਼ਟਰ ਨੂੰ ਸਮਰਪਿਤ।
- ਕੁੰਭਕੋਣਮ, ਯੇਰਕੌਡ ਅਤੇ ਵੇਲੋਰ ਵਿੱਚ ਤਿੰਨ ਨਵੇਂ ਆਕਾਸ਼ਵਾਣੀ ਐੱਫਐੱਮ (FM) ਰਿਲੇਅ ਟ੍ਰਾਂਸਮੀਟਰਾਂ ਦਾ ਉਦਘਾਟਨ।

**ਵਿੱਤ ਵਰ੍ਹੇ 2026-27 ਵਿੱਚ ਬੰਗਲੁਰੂ-ਚੇੱਨਈ ਅਤੇ ਚੇੱਨਈ-ਹੈਦਰਾਬਾਦ ਬੁਲੇਟ ਟ੍ਰੇਨ ਕੌਰੀਡੋਰ ਦਾ ਪ੍ਰਸਤਾਵ ਹੈ। ਤਮਿਲ ਨਾਡੂ ਨੂੰ 'ਰੇਅਰ ਅਰਥ ਕੌਰੀਡੋਰ' ਦਾ ਹਿੱਸਾ ਬਣਾਇਆ ਗਿਆ ਹੈ, ਜਿਸ ਦਾ ਉਦੇਸ਼ ਐਡਵਾਂਸਡ ਮੈਨੂਫੈਕਚਰਿੰਗ, ਖੋਜ ਅਤੇ ਤਕਨੀਕੀ ਵਿਕਾਸ ਨੂੰ ਉਤਸ਼ਾਹਿਤ ਕਰਨਾ ਹੈ।**

ਕੇਂਦਰੀ ਬਜਟ ਵਿੱਚ ਤਮਿਲ ਨਾਡੂ ਨੂੰ 'ਰੇਅਰ ਅਰਥ ਕੌਰੀਡੋਰ' ਦਾ ਹਿੱਸਾ ਬਣਾਇਆ ਗਿਆ ਹੈ ਜੋ ਐਡਵਾਂਸਡ ਮੈਨੂਫੈਕਚਰਿੰਗ, ਖੋਜ ਅਤੇ ਤਕਨਾਲੋਜੀ ਵਿਕਾਸ ਨੂੰ ਉਤਸ਼ਾਹਿਤ ਕਰਦਾ ਹੈ। ਵਿਕਸਿਤ ਭਾਰਤ 2047 ਦੇ ਨਿਰਮਾਣ ਦੇ ਲਈ ਤਮਿਲ ਨਾਡੂ ਦਾ ਵਿਕਾਸ ਸਰਕਾਰ ਦਾ ਸਮੂਹਿਕ ਟੀਚਾ ਹੈ।

# ਨਮੋ ਭਾਰਤ ਦਾ ਵਿਸਤਾਰ
## ਸੁਗਮ ਯਾਤਰਾ, ਸਮ੍ਰਿੱਧੀ ਅਪਾਰ

ਕੇਂਦਰ ਸਰਕਾਰ ਦੇਸ਼ਵਾਸੀਆਂ ਨੂੰ ਹਾਈ-ਸਪੀਡ ਦੇਣਾ ਚਾਹੁੰਦੀ ਹੈ, ਜਾਮ ਅਤੇ ਪ੍ਰਦੂਸ਼ਣ ਤੋਂ ਮੁਕਤ ਕਰਕੇ ਹਰ ਤਰ੍ਹਾਂ ਦੀ ਸੁਵਿਧਾ ਦੇਣਾ ਚਾਹੁੰਦੀ ਹੈ। ਇਸੇ ਲਈ ਅੱਜ ਦੇਸ਼ ਵਿੱਚ ਨਮੋ ਭਾਰਤ ਵਰਗੀਆਂ ਆਧੁਨਿਕ ਸੈਮੀ-ਹਾਈ-ਸਪੀਡ ਟ੍ਰੇਨਾਂ ਅਤੇ ਵੰਦੇ ਭਾਰਤ ਟ੍ਰੇਨਾਂ ਚਲ ਰਹੀਆਂ ਹਨ। ਪਿਛਲੇ 11 ਵਰ੍ਹਿਆਂ ਵਿੱਚ ਦੇਸ਼ ਦੇ ਦਰਜਨਾਂ ਸ਼ਹਿਰਾਂ ਤੱਕ ਮੈਟਰੋ ਪਹੁੰਚ ਚੁੱਕੀ ਹੈ। ਸੁਵਿਧਾ ਮੁੱਹਈਆ ਕਰਵਾਉਣ ਦੀ ਇਸ ਕੜੀ ਵਿੱਚ ਪਹਿਲੀ ਵਾਰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 22 ਫਰਵਰੀ ਨੂੰ ਮੇਰਠ ਦੀ ਧਰਤੀ 'ਤੇ ਇੱਕ ਹੀ ਪਲੈਟਫਾਰਮ ਤੋਂ ਨਮੋ ਭਾਰਤ ਰੈਪਿਡ ਰੇਲ ਅਤੇ ਮੈਟਰੋ ਸੇਵਾ ਦੀ ਕੀਤੀ ਸ਼ੁਰੂਆਤ...

ਭਾਰਤ ਵਿੱਚ 2014 ਤੋਂ ਪਹਿਲਾਂ ਮੈਟਰੋ ਦਾ ਵਿਸਤਾਰ, ਬਹੁਤ ਹੀ ਹੌਲੀ ਗਤੀ ਨਾਲ ਹੋ ਰਿਹਾ ਸੀ। ਹਾਲਾਤ ਇਹ ਸੀ ਕਿ ਉਸ ਸਮੇਂ ਦੇਸ਼ ਦੇ ਸਿਰਫ਼ 5 ਸ਼ਹਿਰਾਂ ਵਿੱਚ ਹੀ ਮੈਟਰੋ ਚਲ ਸਕੀ ਸੀ। ਜਦਕਿ ਅੱਜ ਦੇਸ਼ ਦੇ 25 ਤੋਂ ਵੱਧ ਸ਼ਹਿਰਾਂ ਵਿੱਚ ਮੈਟਰੋ ਚਲਣ ਲਗੀ ਹੈ ਅਤੇ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਨੈੱਟਵਰਕ ਬਣ ਚੁੱਕਿਆ ਹੈ। ਉੱਤਰ ਪ੍ਰਦੇਸ਼ ਵਿੱਚ ਮੇਰਠ ਤੋਂ ਇਲਾਵਾ ਵੀ ਕਈ ਸਾਰੇ ਸ਼ਹਿਰਾਂ ਵਿੱਚ ਮੈਟਰੋ 'ਤੇ ਕੰਮ ਚਲ ਰਿਹਾ ਹੈ।

ਉੱਤਰ ਪ੍ਰਦੇਸ਼ ਦੇ ਮੇਰਠ ਵਿੱਚ ਵੱਖ-ਵੱਖ ਵਿਕਾਸ ਕਾਰਜਾਂ ਦੀ ਸ਼ੁਰੂਆਤ ਦੇ ਮੌਕੇ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਦੇਸ਼ ਵਿੱਚ ਪਹਿਲੀ ਵਾਰ ਅਜਿਹਾ ਹੋ ਰਿਹਾ ਹੈ ਜਦੋਂ ਇੱਕ ਹੀ ਸਟੇਸ਼ਨ, ਇੱਕ ਹੀ ਟ੍ਰੈਕ 'ਤੇ ਨਮੋ ਭਾਰਤ ਅਤੇ ਮੈਟਰੋ ਰੇਲ ਦੋਵੇਂ ਚੱਲਣਗੀਆਂ। ਯਾਨੀ ਇੱਕ ਹੀ ਪਲੈਟਫਾਰਮ ਤੋਂ ਤੁਸੀਂ ਸ਼ਹਿਰ ਦੇ ਅੰਦਰ ਵੀ ਯਾਤਰਾ ਕਰ ਸਕੋਗੇ ਅਤੇ ਉਸੇ ਸਟੇਸ਼ਨ ਤੋਂ ਸਿੱਧੇ ਦਿੱਲੀ ਵੀ ਆ-ਜਾ ਸਕਦੇ ਹੋ।

ਆਧੁਨਿਕ ਇਨਫ੍ਰਾਸਟ੍ਰਕਚਰ 'ਤੇ ਜਿੰਨੇ ਰੁਪਏ ਖਰਚ ਹੋ ਰਹੇ ਹਨ, ਉਸ ਨਾਲ ਲੋਕਾਂ ਦਾ ਪੈਸਾ ਵੀ ਬਚਦਾ ਹੈ ਅਤੇ ਨੌਜਵਾਨਾਂ ਨੂੰ ਰੁਜ਼ਗਾਰ ਵੀ ਮਿਲਦਾ ਹੈ। ਪੱਛਮੀ ਯੂਪੀ ਇਸ ਦੀ ਇੱਕ ਬਿਹਤਰੀਨ ਉਦਹਾਰਣ ਹੈ। ਇੱਥੇ ਨਵੇਂ-ਨਵੇਂ ਐਕਸਪ੍ਰੈੱਸਵੇਅ ਅਤੇ ਡੈਡੀਕੇਟਿਡ ਫ੍ਰੇਟ ਕੌਰੀਡੋਰ ਬਣ ਰਹੇ ਹਨ। ਜੇਵਰ ਵਿੱਚ ਇੰਟਰਨੈਸ਼ਨਲ ਏਅਰਪੋਰਟ ਬਣ ਰਿਹਾ ਹੈ। ਇਹ ਪ੍ਰੋਜੈਕਟਸ ਜਦੋਂ ਬਣਦੇ ਹਨ ਤਾਂ ਰੁਜ਼ਗਾਰ ਵੀ ਮਿਲਦੇ ਹਨ ਅਤੇ ਬਾਅਦ ਵਿੱਚ




## ਘੰਟਿਆਂ ਦਾ ਸਫ਼ਰ ਮਿੰਟਾਂ ਵਿੱਚ

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

## ਮੇਰਠ ਮੈਟਰੋ ਅਤੇ ਨਮੋ ਭਾਰਤ ਟ੍ਰੇਨ ਨੂੰ ਹਰੀ ਝੰਡੀ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸ਼ਤਾਬਦੀ ਨਗਰ ਨਮੋ ਭਾਰਤ ਸਟੇਸ਼ਨ 'ਤੇ ਮੇਰਠ ਮੈਟਰੋ ਅਤੇ ਨਮੋ ਭਾਰਤ ਟ੍ਰੇਨ ਨੂੰ ਹਰੀ ਝੰਡੀ ਦਿਖਾਈ। ਉੱਥੇਂ ਦੀ ਉਨ੍ਹਾਂ ਨੇ ਮੇਰਠ ਸਾਊਥ ਸਟੇਸ਼ਨ ਤੱਕ ਮੈਟਰੋ ਦਾ ਸਫ਼ਰ ਕੀਤਾ। ਇਸ ਦੌਰਾਨ ਉਨ੍ਹਾਂ ਨੇ ਸਕੂਲ-ਕਾਲਜਾਂ ਦੇ ਕਈ ਨੌਜਵਾਨਾਂ ਅਤੇ ਹੋਰ ਯਾਤਰੀਆਂ ਨਾਲ ਗੱਲਬਾਤ ਕੀਤੀ। ਪ੍ਰਧਾਨ ਮੰਤਰੀ ਮੋਦੀ ਨੇ ਮੇਰਠ ਵਿੱਚ ਲਗਭਗ 12,930 ਕਰੋੜ ਰੁਪਏ ਦੇ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕਰਕੇ ਉਨ੍ਹਾਂ ਨੂੰ ਰਾਸ਼ਟਰ ਨੂੰ ਸਮਰਪਿਤ ਕੀਤਾ। ਇਹ ਪ੍ਰੋਜੈਕਟਸ ਸ਼ਹਿਰੀ ਗਤੀਸ਼ੀਲਤਾ ਨੂੰ ਬਦਲਣਗੇ ਅਤੇ ਨਾਗਰਿਕਾਂ ਦੇ ਜੀਵਨ ਨੂੰ ਅਸਾਨ ਬਣਾਉਣਗੇ।



"ਸਾਡਾ ਕਾਰਜ ਸੱਭਿਆਚਾਰ ਹੈ ਕਿ ਜਿਸ ਕੰਮ ਦਾ ਨੀਂਹ ਪੱਥਰ ਰੱਖਿਆ ਜਾਵੇ, ਉਸ ਨੂੰ ਪੂਰਾ ਕਰਨ ਲਈ ਦਿਨ-ਰਾਤ ਇੱਕ ਕਰ ਦਿੱਤਾ ਜਾਵੇ। ਅਤੇ ਇਸ ਲਈ ਹੁਣ ਪ੍ਰੋਜੈਕਟਸ ਪਹਿਲਾਂ ਦੀ ਤਰ੍ਹਾਂ ਲਟਕਦੇ ਜਾਂ ਭਟਕਦੇ ਨਹੀਂ ਹਨ।

**- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

## ਦਿੱਲੀ-ਮੇਰਠ ਨਮੋ ਭਾਰਤ ਕੌਰੀਡੋਰ ਰਾਸ਼ਟਰ ਨੂੰ ਸਮਰਪਿਤ

**82** ਕਿਲੋਮੀਟਰ ਲੰਬਾ ਦਿੱਲੀ-ਮੇਰਠ ਨਮੋ ਭਾਰਤ ਕੌਰੀਡੋਰ ਪ੍ਰਧਾਨ ਮੰਤਰੀ ਮੋਦੀ ਨੇ ਰਾਸ਼ਟਰ ਨੂੰ ਸਮਰਪਿਤ ਕੀਤਾ।

- ਭਾਰਤ ਦੇ ਪਹਿਲੇ ਨਮੋ ਭਾਰਤ ਰੀਜਨਲ ਰੈਪਿਡ ਟ੍ਰਾਂਜ਼ਿਟ ਸਿਸਟਮ (ਆਰਆਰਟੀਐੱਸ RRTS) ਦੇ ਬਾਕੀ ਸੈਕਸ਼ਨਾਂ ਦਾ ਵੀ ਉਦਘਾਟਨ ਕੀਤਾ ਗਿਆ। ਇਨ੍ਹਾਂ ਵਿੱਚ ਦਿੱਲੀ ਵਿੱਚ ਸਰਾਏ ਕਾਲੇ ਖਾਂ ਅਤੇ ਨਿਊ ਅਸ਼ੋਕ ਨਗਰ ਦਰਮਿਆਨ 5 ਕਿਲੋਮੀਟਰ ਦਾ ਸੈਕਸ਼ਨ ਅਤੇ ਉੱਤਰ ਪ੍ਰਦੇਸ਼ ਵਿੱਚ ਮੇਰਠ ਸਾਊਥ ਅਤੇ ਮੋਦੀਪੁਰਮ ਦਰਮਿਆਨ 21 ਕਿਲੋਮੀਟਰ ਦਾ ਸੈਕਸ਼ਨ ਸ਼ਾਮਲ ਹੈ।
- 180 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਦੇ ਨਾਲ, ਨਮੋ ਭਾਰਤ ਦੇਸ਼ ਦਾ ਪਹਿਲਾ ਖੇਤਰੀ ਤੇਜ਼ ਰਫ਼ਤਾਰ ਟ੍ਰਾਂਜ਼ਿਟ ਸਿਸਟਮ ਹੈ।
- ਨਮੋ ਭਾਰਤ ਰਾਹੀਂ ਸਾਹਿਬਾਬਾਦ, ਗਾਜ਼ੀਆਬਾਦ, ਮੋਦੀਨਗਰ ਅਤੇ ਮੇਰਠ ਵਰਗੇ ਪ੍ਰਮੁੱਖ ਸ਼ਹਿਰੀ ਕੇਂਦਰ ਦਿੱਲੀ ਨਾਲ ਹੋਰ ਤੇਜ਼ੀ ਨਾਲ ਜੁੜ ਸਕਣਗੇ।
- ਕੌਰੀਡੋਰ ਦਾ ਦਿੱਲੀ ਵਿੱਚ ਸ਼ੁਰੂਆਤੀ ਸਟੇਸ਼ਨ ਸਰਾਏ ਕਾਲੇ ਖਾਂ, ਸ਼ੁਰੂ ਹੋਣ ਵਾਲੇ 4 ਨਮੋ ਭਾਰਤ ਸਟੇਸ਼ਨਾਂ ਵਿੱਚੋਂ ਇੱਕ ਹੈ।
- ਇਹ ਰਣਨੀਤਕ ਤੌਰ 'ਤੇ ਇੱਕ ਪ੍ਰਮੁੱਖ ਮਲਟੀ-ਮਾਡਲ ਹੱਬ ਦੇ ਰੂਪ ਵਿੱਚ ਸਥਿਤ ਹੈ ਜੋ ਹਜ਼ਰਤ ਨਿਜ਼ਾਮੁਦੀਨ ਰੇਲਵੇ ਸਟੇਸ਼ਨ, ਦਿੱਲੀ ਮੈਟਰੋ ਦੀ ਪਿੰਕ ਲਾਈਨ, ਵੀਰ ਹਕੀਕਤ ਰਾਏ ਆਈਐੱਸਬੀਟੀ ਅਤੇ ਰਿੰਗ ਰੋਡ ਨੂੰ ਆਸਾਨੀ ਨਾਲ ਜੋੜਦਾ ਹੈ।
- ਸ਼ੁਰੂ ਹੋਣ ਵਾਲੇ ਹੋਰ ਤਿੰਨ ਨਮੋ ਭਾਰਤ ਸਟੇਸ਼ਨ ਸ਼ਤਾਬਦੀ ਨਗਰ, ਬੇਗਮਪੁਲ ਅਤੇ ਮੋਦੀਪੁਰਮ ਮੇਰਠ ਵਿੱਚ ਹਨ।

## ਮੇਰਠ ਦੱਖਣ ਅਤੇ ਮੋਦੀਪੁਰਮ ਦੇ ਦਰਮਿਆਨ ਮੇਰਠ ਮੈਟਰੋ ਸੇਵਾ ਦਾ ਉਦਘਾਟਨ

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਮੇਰਠ ਦੱਖਣ ਅਤੇ ਮੋਦੀਪੁਰਮ ਦੇ ਦਰਮਿਆਨ ਮੇਰਠ ਮੈਟਰੋ ਸੇਵਾ ਦਾ ਵੀ ਉਦਘਾਟਨ ਕੀਤਾ, ਜੋ 'ਨਮੋ ਭਾਰਤ' ਦੇ ਬੁਨਿਆਦੀ ਢਾਂਚੇ 'ਤੇ ਸੰਚਾਲਿਤ ਹੋਵੇਗੀ।
- ਇਹ ਦੇਸ਼ ਵਿੱਚ ਆਪਣੀ ਤਰ੍ਹਾਂ ਦੀ ਪਹਿਲੀ ਪਹਿਲ ਹੈ। ਮੇਰਠ ਮੈਟਰੋ ਭਾਰਤ ਦੀ ਸਭ ਤੋਂ ਤੇਜ਼ ਮੈਟਰੋ ਪ੍ਰਣਾਲੀ ਹੋਵੇਗੀ, ਜਿਸ ਦੀ ਵੱਧ ਤੋਂ ਵੱਧ ਸੰਚਾਲਨ ਗਤੀ ਲਗਭਗ 120 ਕਿਲੋਮੀਟਰ ਪ੍ਰਤੀ ਘੰਟਾ ਹੋਵੇਗੀ।
- ਮੈਟਰੋ ਸਾਰੇ ਨਿਰਧਾਰਿਤ ਸਟੇਸ਼ਨਾਂ ਸਮੇਤ ਪੂਰੀ ਦੂਰੀ ਸਿਰਫ਼ 30 ਮਿੰਟਾਂ ਵਿੱਚ ਤੈਅ ਕਰੇਗੀ।
- ਇੱਕ ਹੀ ਬੁਨਿਆਦੀ ਢਾਂਚੇ 'ਤੇ ਨਮੋ ਭਾਰਤ ਅਤੇ ਮੇਰਠ ਮੈਟਰੋ, ਤੇਜ਼ ਰਫ਼ਤਾਰ ਵਾਲੀ ਅੰਤਰ-ਸ਼ਹਿਰੀ ਯਾਤਰਾ ਅਤੇ ਸ਼ਹਿਰ ਦੇ ਅੰਦਰ ਪਹੁੰਚਯੋਗ ਆਵਾਜਾਈ ਦੇ ਲਈ ਮਦਦਗਾਰ ਸਾਬਤ ਹੋਵੇਗੀ। ਇਹ ਸ਼ਹਿਰੀ ਅਤੇ ਖੇਤਰੀ ਆਵਾਜਾਈ ਲਈ ਇੱਕ ਮਿਸਾਲ ਕਾਇਮ ਕਰੇਗੀ।
- ਸੜਕ ਆਵਾਜਾਈ ਵਿੱਚ ਭੀੜ ਘੱਟ ਹੋਵੇਗੀ। ਇਸ ਨਾਲ ਵਾਹਨਾਂ ਤੋਂ ਹੋਣ ਵਾਲੇ ਕਾਰਬਨ ਡਾਈਆਕਸਾਈਡ ਦੇ ਨਿਕਾਸ ਵਿੱਚ ਕਮੀ ਆਵੇਗੀ।

ਨਵੇਂ ਉਦਯੋਗ ਲਗਦੇ ਹਨ, ਉਸ ਤੋਂ ਵੀ ਰੁਜ਼ਗਾਰ ਪੈਦਾ ਹੁੰਦੇ ਹਨ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਉੱਤਰ ਪ੍ਰਦੇਸ਼ ਦੀ ਇਹ ਧਰਤੀ ਮਿਹਨਤ ਅਤੇ ਸਿਰਜਣਾ ਦੀ ਧਰਤੀ ਹੈ। ਇੱਥੋਂ ਦੇ ਕਿਸਾਨ, ਪਸ਼ੂ ਪਾਲਕ, ਛੋਟੇ-ਲਘੂ ਉੱਦਮੀ, ਬੁਣਕਰ ਅਤੇ ਸ਼ਿਲਪਕਾਰ, ਸਾਰੇ ਵਿਰਾਸਤ ਅਤੇ ਵਿਕਾਸ ਦੇ ਮੰਤਰ ਨੂੰ ਸਾਕਾਰ ਕਰ ਰਹੇ ਹਨ। ਅਜਿਹੇ ਵਿੱਚ ਜਦੋਂ ਭਾਰਤ ਦੀ ਸਮਰੱਥਾ ਵਧਦੀ ਹੈ, ਤਾਂ ਉੱਤਰ ਪ੍ਰਦੇਸ਼ ਦੇ ਇਨ੍ਹਾਂ ਸਾਰੇ ਸਾਥੀਆਂ ਨੂੰ ਵੀ ਫਾਇਦਾ ਹੁੰਦਾ ਹੈ। ▪

# ਬਜਟ ਵੈੱਬੀਨਾਰ

## ਵੱਡੇ ਟੀਚੇ ਵੱਲ ਵਧਣ ਦਾ ਇੱਕ ਪੜਾਅ

ਹਰ ਵਰ੍ਹੇ ਬਜਟ ਤੋਂ ਬਾਅਦ ਹੋਣ ਵਾਲਾ ਵੈੱਬੀਨਾਰ ਸਿਰਫ਼ ਵਿਚਾਰਾਂ ਦੇ ਅਦਾਨ-ਪ੍ਰਦਾਨ ਤੱਕ ਸੀਮਿਤ ਨਹੀਂ ਹੈ ਸਗੋਂ ਇੱਕ ਪ੍ਰਭਾਵਸ਼ਾਲੀ ਵਿਚਾਰ-ਮੰਥਨ ਦਾ ਪਲੈਟਫਾਰਮ ਬਣ ਗਿਆ ਹੈ। ਇਹ ਲੋਕਾਂ ਦੇ ਅਨੁਭਵ ਅਤੇ ਵਿਵਹਾਰਿਕ ਚੁਣੌਤੀਆਂ ‘ਤੇ ਅਧਾਰਿਤ ਸੁਝਾਅ, ਆਰਥਿਕ ਰਣਨੀਤੀਆਂ ਨੂੰ ਬਿਹਤਰ ਬਣਾਉਣ ਅਤੇ ਸਮਾਧਾਨ ਲੱਭਣ ਵਿੱਚ ਮਦਦ ਕਰ ਰਿਹਾ ਹੈ। “ਵਿਕਸਿਤ ਭਾਰਤ ਦੇ ਲਈ ਤਕਨਾਲੋਜੀ, ਸੁਧਾਰ ਅਤੇ ਵਿੱਤ” ਅਤੇ “ਟਿਕਾਊ ਅਤੇ ਸਸ਼ਕਤ ਆਰਥਿਕ ਵਿਕਾਸ” ਵਿਸ਼ੇ ‘ਤੇ ਕ੍ਰਮਵਾਰ 27 ਫਰਵਰੀ ਅਤੇ 3 ਮਾਰਚ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਬਜਟ ਵੈੱਬੀਨਾਰ ਨੂੰ ਕੀਤਾ ਸੰਬੋਧਨ...



ਭਾਰਤ ਨੇ ਪਿਛਲੇ ਇੱਕ ਦਹਾਕੇ ਵਿੱਚ ਅਸਧਾਰਣ ਲਚਕਤਾ ਦਿਖਾਈ ਹੈ। ਇਹ ਕੋਈ ਇਤਫ਼ਾਕ ਨਹੀਂ ਹੈ। ਇਹ ਲਚਕਤਾ, ਦ੍ਰਿੜ੍ਹ ਵਿਸ਼ਵਾਸ ਤੋਂ ਪ੍ਰੇਰਿਤ ਸੁਧਾਰਾਂ ਦੀ ਦੇਣ ਹੈ। ਸਰਕਾਰ ਨੇ ਪ੍ਰਕਿਰਿਆ ਨੂੰ ਸਰਲ ਬਣਾਇਆ ਹੈ ਅਤੇ ‘ਈਜ਼ ਆਫ਼ ਡੂਇੰਗ ਬਿਜ਼ਨਸ’ ਨੂੰ ਬਿਹਤਰ ਬਣਾਇਆ ਹੈ। ਤਕਨਾਲੋਜੀ ਪ੍ਰੇਰਿਤ ਨੇ ਸ਼ਾਸਨ ਦਾ ਵਿਸਥਾਰ ਕੀਤਾ ਹੈ, ਸੰਸਥਾਨਾਂ ਨੂੰ ਮਜ਼ਬੂਤ ਕੀਤਾ ਹੈ ਅਤੇ ਅੱਜ ਦੇਸ਼ ਰਿਫੌਰਮ ਐਕਸਪ੍ਰੈੱਸ 'ਤੇ ਸਵਾਰ ਹੈ। "ਵਿਕਸਿਤ ਭਾਰਤ ਦੇ ਲਈ ਤਕਨਾਲੋਜੀ, ਸੁਧਾਰ ਅਤੇ ਵਿੱਤ" ਵਿਸ਼ੇ 'ਤੇ ਆਯੋਜਿਤ ਵੈੱਬੀਨਾਰ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਇਸ ਰਫ਼ਤਾਰ ਨੂੰ ਬਣਾਈ ਰੱਖਣ ਦੇ ਲਈ ਨਾ ਸਿਰਫ਼ ਪਾਲਿਸੀ ਇੰਟੈਂਟ 'ਤੇ ਧਿਆਨ ਦੇਣਾ ਹੈ, ਸਗੋਂ ਡਿਲੀਵਰੀ ਐਕਸੀਲੈਂਸ 'ਤੇ ਵੀ ਫੋਕਸ ਕਰਨਾ ਹੈ। ਰਿਫੌਰਮਸ ਦਾ ਮੁਲਾਂਕਣ ਐਲਾਨ ਨਾਲ ਨਹੀਂ, ਸਗੋਂ ਜ਼ਮੀਨੀ ਪੱਧਰ 'ਤੇ ਉਨ੍ਹਾਂ ਦੇ ਪ੍ਰਭਾਵ ਤੋਂ ਹੋਣਾ ਚਾਹੀਦਾ ਹੈ।

ਏਆਈ, ਬਲੌਕਚੇਨ ਅਤੇ ਡੇਟਾ ਐਨਾਲਿਟਿਕਸ ਦੀ ਵਿਆਪਕ ਵਰਤੋਂ ਕਰਕੇ ਪਾਰਦਰਸ਼ਿਤਾ, ਗਤੀ ਅਤੇ ਜਵਾਬਦੇਹੀ ਵਧਾਉਣੀ ਹੀ ਹੋਵੇਗੀ। ਨਾਲ ਹੀ ਸ਼ਿਕਾਇਤ ਨਿਵਾਰਣ ਪ੍ਰਣਾਲੀਆਂ ਰਾਹੀਂ ਇੰਪੈਕਟ ਦੀ ਨਿਰੰਤਰ ਨਿਗਰਾਨੀ ਵੀ ਕਰਨੀ ਪਵੇਗੀ।

ਪਿਛਲੇ ਇੱਕ ਦਹਾਕੇ ਵਿੱਚ ਇਨਫ੍ਰਾਸਟ੍ਰਕਚਰ 'ਤੇ ਬਹੁਤ ਜ਼ਿਆਦਾ ਫੋਕਸ ਰਿਹਾ ਹੈ। ਸਰਕਾਰ ਨੇ ਸੋਚ-ਸਮਝ ਕੇ ਫ਼ੈਸਲਾ ਕੀਤਾ ਕਿ ਭਾਰਤ ਦਾ ਵਿਕਾਸ ਹਾਈਵੇਅ, ਰੇਲਵੇ, ਪੋਰਟਸ, ਡਿਜੀਟਲ ਨੈੱਟਵਰਕ ਅਤੇ ਪਾਵਰ ਸਿਸਟਮ ਵਰਗੀਆਂ ਕਈ ਠੋਸ ਸੰਪਤੀਆਂ ਨੂੰ ਤਿਆਰ ਕਰਨ ਨਾਲ ਹੀ ਹੋਵੇਗਾ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਮੈਂ ਸਾਰੇ ਸਟੇਕਹੋਲਡਰਾਂ, ਫਾਇਨੈਸ਼ੀਅਲ ਇੰਸਟੀਟਿਊਸ਼ਨਸ, ਮਾਰਕਿਟਸ ਉਦਯੋਗਾਂ, ਪ੍ਰੋਫੈਸ਼ਨਲਜ਼ ਅਤੇ ਇਨੋਵੇਟਰਾਂ ਨੂੰ ਕਹਾਂਗਾ ਕਿ ਇਸ ਬਜਟ ਨੇ ਜੋ ਨਵੇਂ ਮੌਕੇ ਦਿੱਤੇ ਹਨ, ਉਨ੍ਹਾਂ ਦਾ ਫਾਇਦਾ ਚੁੱਕੋ ਅਤੇ ਬਜਟ ਦੁਆਰਾ ਖੋਲ੍ਹੇ ਗਏ ਨਵੇਂ ਮੌਕਿਆਂ ਦੇ ਨਾਲ ਡੂੰਘਾਈ ਨਾਲ ਜੁੜੋ।



## ਬਜਟ ਤੋਂ ਬਾਅਦ ਹੋਣ ਵਾਲੇ ਵੈਬੀਨਾਰ ਬਹੁਤ ਮਹੱਤਵਪੂਰਨ

ਅਕਸਰ ਬਜਟ ਦਾ ਮੁਲਾਂਕਣ ਵੱਖ-ਵੱਖ ਪੈਰਾਮੀਟਰਾਂ 'ਤੇ ਕੀਤਾ ਜਾਂਦਾ ਹੈ। ਕਦੇ ਸਟੌਕ ਮਾਰਕਿਟ ਦੀ ਚਾਲ 'ਤੇ ਗੱਲ ਹੁੰਦੀ ਹੈ, ਤਾਂ ਕਦੇ ਇਨਕਮ ਟੈਕਸ ਦੇ ਪ੍ਰਸਤਾਵਾਂ 'ਤੇ ਚਰਚਾ ਕੇਂਦ੍ਰਿਤ ਹੋ ਜਾਂਦੀ ਹੈ। ਸੱਚਾਈ ਇਹ ਹੈ ਕਿ ਬਜਟ ਕੋਈ ਥੋੜ੍ਹੇ ਸਮੇਂ ਦਾ ਵਪਾਰਕ ਦਸਤਾਵੇਜ਼ ਨਹੀਂ ਹੁੰਦਾ, ਇਹ ਇੱਕ ਪਾਲਿਸੀ ਰੋਡਮੈਪ ਹੁੰਦਾ ਹੈ। ਇਸ ਲਈ ਬਜਟ ਦੀ ਪ੍ਰਭਾਵਸ਼ੀਲਤਾ ਦਾ ਮੁਲਾਂਕਣ ਵੀ ਠੋਸ ਪੈਰਾਮੀਟਰਾਂ 'ਤੇ ਕੀਤਾ ਜਾਣਾ ਚਾਹੀਦਾ ਹੈ। ਅਜਿਹੀਆਂ ਨੀਤੀਆਂ ਜੋ ਇਨਫ੍ਰਾਸਟ੍ਰਕਚਰ ਦਾ ਵਿਸਤਾਰ ਕਰਨ, ਜੋ ਕ੍ਰੈਡਿਟ ਦੇ ਪ੍ਰਵਾਹ ਨੂੰ ਅਸਾਨ ਬਣਾਉਣ, ਜੋ 'ਈਜ਼ ਆਫ ਡੂਇੰਗ ਬਿਜ਼ਨਸ' ਵਧਾਉਣ। ਬਜਟ ਵਿੱਚ ਇਸ ਨਾਲ ਜੁੜੇ ਫੈਸਲੇ ਹੀ ਅਰਥਵਿਵਸਥਾ ਨੂੰ ਸਥਾਈ ਮਜ਼ਬੂਤੀ ਦਿੰਦੇ ਹਨ। ਹਰ ਬਜਟ, ਇੱਕ ਵੱਡੇ ਟੀਚੇ ਵੱਲ ਵਧਣ ਦਾ ਇੱਕ ਪੜਾਅ ਹੁੰਦਾ ਹੈ ਅਤੇ ਦੇਸ਼ ਦੇ ਸਾਹਮਣੇ ਉਹ ਵੱਡਾ ਟੀਚਾ ਹੈ, ਵਰ੍ਹੇ 2047 ਤੱਕ ਵਿਕਸਿਤ ਭਾਰਤ ਦਾ ਨਿਰਮਾਣ। ਹਰ ਰਿਫੌਰਮ, ਹਰ ਅਲਾਟਮੈਂਟ, ਹਰ ਬਦਲਾਅ ਨੂੰ ਇਸ ਲੰਬੀ ਯਾਤਰਾ ਦੇ ਹਿੱਸੇ ਵਜੋਂ ਹੀ ਦੇਖਿਆ ਜਾਣਾ ਚਾਹੀਦਾ ਹੈ।


## ਬਜਟ ਤੋਂ ਬਾਅਦ ਆਯੋਜਿਤ ਵੈਬੀਨਾਰ ਦੀਆਂ ਕੁਝ ਖ਼ਾਸ ਗੱਲਾਂ...

- ਵੈਬੀਨਾਰ ਵਿੱਚ ਜਨਤਕ ਪੂੰਜੀਗਤ ਖਰਚਿਆਂ ਨੂੰ ਉਤਸ਼ਾਹਿਤ ਕਰਨ, ਇਨਫ੍ਰਾਸਟ੍ਰਕਚਰ ਵਿਕਾਸ, ਬੈਂਕਿੰਗ ਖੇਤਰ ਵਿੱਚ ਸੁਧਾਰ ਅਤੇ ਵਿੱਤੀ ਖੇਤਰ ਦੇ ਢਾਂਚੇ ਨੂੰ ਮਜ਼ਬੂਤ ਕਰਨ 'ਤੇ ਚਰਚਾ ਕੀਤੀ ਗਈ।
- ਪੂੰਜੀ ਬਜ਼ਾਰਾਂ ਨੂੰ ਮਜ਼ਬੂਤ ਬਣਾਉਣ ਅਤੇ ਟੈਕਸ ਸੁਧਾਰਾਂ ਦੇ ਮਾਧਿਅਮ ਨਾਲ ਨਾਗਰਿਕਾਂ ਦੇ ਜੀਵਨ ਪੱਧਰ ਨੂੰ ਵਧੇਰੇ ਸਰਲ ਅਤੇ ਪਹੁੰਚਯੋਗ ਬਣਾਉਣ ‘ਤੇ ਵਿਆਪਕ ਚਰਚਾ ਹੋਈ।
- ਵੈਬੀਨਾਰ ਦਾ ਉਦੇਸ਼ ਪਿਛਲੇ ਅਨੁਭਵਾਂ ਤੋਂ ਸਿੱਖਣਾ ਅਤੇ ਇਸ ਵਿੱਚ ਸ਼ਾਮਲ ਲੋਕਾਂ ਤੋਂ ਫੀਡਬੈਕ ਪ੍ਰਾਪਤ ਕਰਨਾ ਹੈ ਤਾਂ ਜੋ ਬਜਟ ਘੋਸ਼ਣਾਵਾਂ ਨੂੰ ਮਜ਼ਬੂਤੀ ਨਾਲ ਲਾਗੂ ਕੀਤਾ ਜਾ ਸਕੇ।
- ਵੈਬੀਨਾਰ ਵਿੱਚ ਉਦਯੋਗਾਂ, ਵਿੱਤੀ ਸੰਸਥਾਨਾਂ, ਬਜ਼ਾਰ ਦੇ ਭਾਗੀਦਾਰਾਂ, ਸਰਕਾਰ, ਉਦਯੋਗਿਕ ਰੈਗੂਲੇਟਰਾਂ ਅਤੇ ਸਿੱਖਿਆ ਜਗਤ ਦੇ ਹਿਤਧਾਰਕਾਂ ਨੂੰ ਇਕੱਠੇ ਲਿਆਂਦਾ ਗਿਆ ਤਾਂ ਜੋ ਪ੍ਰਮੁੱਖ ਬਜਟ ਘੋਸ਼ਣਾਵਾਂ ਦੇ ਪ੍ਰਭਾਵਸ਼ਾਲੀ ਲਾਗੂ ਕਰਨ ਮਾਰਗਾਂ 'ਤੇ ਵਿਚਾਰ-ਵਟਾਂਦਰਾ ਕੀਤਾ ਜਾ ਸਕੇ।

ਅਸੀਂ ਵਿਦੇਸ਼ੀ ਇਨਵੈਸਟ ਫ੍ਰੇਮਵਰਕ ਨੂੰ ਹੋਰ ਸਰਲ ਕਰ ਰਹੇ ਹਾਂ। ਸਾਡਾ ਯਤਨ ਸਿਸਟਮ ਨੂੰ ਜ਼ਿਆਦਾ ਪ੍ਰੈਡਿਕਟੇਬਲ ਅਤੇ ਇਨਵੈਸਟਰ ਫਰੈਂਡਲੀ ਬਣਾਉਣ ਦਾ ਹੈ। ਅਸੀਂ ਲੌਂਗ ਟਰਮ ਫਾਈਨੈਂਸ ਨੂੰ ਬਿਹਤਰ ਬਣਾਉਣ ਦੇ ਲਈ, ਬਾਂਡ ਮਾਰਕਿਟ ਨੂੰ ਹੋਰ ਜ਼ਿਆਦਾ ਸਰਗਰਮ ਬਣਾਉਣ ਦੀ ਦਿਸ਼ਾ ਵਿੱਚ ਵੀ ਕਦਮ ਚੁੱਕ ਰਹੇ ਹਾਂ।

**- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

27 ਫਰਵਰੀ ਦੇ ਬਜਟ ਵੈਬੀਨਾਰ ਵਿੱਚ



ਭਾਰਤ ਨੇ ਬਹੁਤ ਸਾਰੇ ਦੇਸ਼ਾਂ ਦੇ ਨਾਲ ਫ੍ਰੀ ਟ੍ਰੇਡ ਐਗਰੀਮੈਂਟਸ ਕੀਤੇ ਹਨ। ਸਾਡੇ ਲਈ ਮੌਕਿਆਂ ਦਾ ਇੱਕ ਬਹੁਤ ਵੱਡਾ ਦੁਆਰ ਖੁੱਲ੍ਹਿਆ ਹੈ। ਅਜਿਹੇ ਵਿੱਚ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਕੁਆਲਿਟੀ ‘ਤੇ ਕਦੇ ਵੀ ਸਮਝੌਤਾ ਨਾ ਕਰੀਏ।

**- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

3 ਮਾਰਚ ਦੇ ਬਜਟ ਵੈਬੀਨਾਰ ਵਿੱਚ

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

ਤੁਹਾਡੀ ਭਾਗੀਦਾਰੀ ਨਾਲ ਯੋਜਨਾਵਾਂ ਦਾ ਲਾਗੂਕਰਨ ਹੋਰ ਬਿਹਤਰ ਹੋਵੇਗਾ। ਨਾਲ ਹੀ ਤੁਹਾਡੇ ਫੀਡਬੈਕ ਅਤੇ ਸਹਿਯੋਗ ਨਾਲ ਬਿਹਤਰ ਨਤੀਜੇ ਆਉਣਗੇ। ਆਓ, ਅਸੀਂ ਸਾਰੇ ਮਿਲ ਕੇ ਰਿਫੌਰਮ ਕਰੀਏ, ਗ੍ਰੋਥ ਕਰੀਏ ਅਤੇ ਅਜਿਹਾ ਭਵਿੱਖ ਬਣਾਈਏ, ਜਿਸ ਨਾਲ ਵਿਕਸਿਤ ਭਾਰਤ ਦਾ ਸੁਪਨਾ ਜਲਦੀ ਤੋਂ ਜਲਦੀ ਸਾਕਾਰ ਹੋਵੇ।

ਉੱਥੇ ਹੀ 3 ਮਾਰਚ ਨੂੰ ‘ਟਿਕਾਊ ਅਤੇ ਸਸ਼ਕਤ ਆਰਥਿਕ ਵਿਕਾਸ’ ਵਿਸ਼ੇ ‘ਤੇ ਹੋਏ ਬਜਟ ਵੈਬੀਨਾਰ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਅੱਜ ਦੁਨੀਆ ਭਰੋਸੇਯੋਗ ਅਤੇ ਲਚਕੀਲੇ ਮੈਨੂਫੈਕਚਰਿੰਗ ਪਾਰਟਨਰ ਦੀ ਖੋਜ ਵਿੱਚ ਹੈ। ਭਾਰਤ ਦੇ ਕੋਲ ਇਹ ਮੌਕਾ ਹੈ ਕਿ ਉਹ ਇਸ ਭੂਮਿਕਾ ਨੂੰ ਮਜ਼ਬੂਤੀ ਨਾਲ ਨਿਭਾਏ। ▪

# ਭਾਰਤ ਦੀ ਸ਼ਕਤੀਸ਼ਾਲੀ ਸਮੁੰਦਰੀ ਕ੍ਰਾਂਤੀ

ਭਾਰਤ ਦੇ ਆਕਾਰ ਦੇ ਹਿਸਾਬ ਨਾਲ 95 ਫੀਸਦੀ ਅਤੇ ਮੁੱਲ ਦੇ ਹਿਸਾਬ ਨਾਲ 70 ਫੀਸਦੀ ਵਪਾਰ ਸਮੁੰਦਰੀ ਮਾਰਗਾਂ ਰਾਹੀਂ ਹੀ ਹੁੰਦਾ ਹੈ। ਸਮੁੰਦਰ ਭਾਰਤ ਦੇ ਵਪਾਰ ਦੀ ਪ੍ਰਾਣ -ਸ਼ਕਤੀ ਹੈ। ਇਸ ਪ੍ਰਾਣ-ਸ਼ਕਤੀ ਨੂੰ ਮਜ਼ਬੂਤੀ ਦੇਣ ਵਾਲੇ ਸਮੁੰਦਰੀ ਅੰਮ੍ਰਿਤ ਕਾਲ ਵਿਜ਼ਨ 2047 ਅਤੇ 'ਸਮੁੰਦਰੀ ਭਾਰਤ ਵਿਜ਼ਨ 2030 ਦਾ ਪ੍ਰਮੁੱਖ ਥੰਮ੍ਹ ਹੈ ਸਾਗਰਮਾਲਾ ਪ੍ਰੋਗਰਾਮ। ਸਾਗਰਮਾਲਾ 25 ਮਾਰਚ ਨੂੰ ਆਪਣੇ 11 ਵਰ੍ਹੇ ਪੂਰੇ ਕਰ ਰਿਹਾ ਹੈ, ਜਿਸ ਵਿੱਚ ਪੂਰੇ ਹੋਏ ਹਨ 280 ਪ੍ਰੋਜੈਕਟਸ, ਬੰਦਰਗਾਹਾਂ ਦਾ ਵਿਕਾਸ ਹੋਇਆ ਹੈ ਅਤੇ ਕਨੈਕਟੀਵਿਟੀ ਹੋਈ ਮਜ਼ਬੂਤ...

ਆਤਮ-ਨਿਰਭਰ ਅਤੇ ਵਿਕਸਿਤ ਭਾਰਤ 2047 ਦੇ ਟੀਚੇ ਦੀ ਸਿੱਧੀ ਦੇ ਲਈ ਮੌਜੂਦਾ ਸਰਕਾਰ ਕਈ ਪ੍ਰੋਗਰਾਮ ਅਤੇ ਪਹਿਲਕਦਮੀਆਂ ਕਰ ਰਹੀ ਹੈ। ਭਵਿੱਖ ਦੇ ਲਈ ਤਿਆਰ ਭਾਰਤ ਆਪਣੀ 7,500 ਕਿਲੋਮੀਟਰ ਲੰਬੀ ਤੱਟ ਰੇਖਾ ਅਤੇ 14,500 ਕਿਲੋਮੀਟਰ ਲੰਬੇ ਸੰਭਾਵਿਤ ਨੈਵੀਗੇਬਲ ਜਲ ਮਾਰਗਾਂ ਨੂੰ ਸੰਭਾਵਨਾਵਾਂ ਦੇ ਕੈਨਵਸ ਵਿੱਚ ਬਦਲ ਰਿਹਾ ਹੈ। ਵਿਸ਼ਵਵਿਆਪੀ ਸਮੁੰਦਰੀ ਸ਼ਕਤੀ ਬਣਨ ਦੇ ਲਈ ਇੱਕ ਸਮੁੰਦਰੀ ਈਕੋਸਿਸਟਮ ਬਣਾਉਣ 'ਤੇ ਕੰਮ ਕੀਤਾ ਜਾ ਰਿਹਾ ਹੈ। ਇਸ ਦੇ ਲਈ ਸਮੁੰਦਰੀ ਅੰਮ੍ਰਿਤ ਕਾਲ ਵਿਜ਼ਨ 2047 ਅਤੇ ਸਮੁੰਦਰੀ ਭਾਰਤ ਵਿਜ਼ਨ 2030 ਪੇਸ਼ ਕੀਤਾ ਗਿਆ ਹੈ ਤਾਂ ਜੋ ਭਾਰਤ ਦੀ ਲੌਜਿਸਟਿਕ ਲਾਗਤ ਘੱਟ ਹੋਵੇ, ਆਰਥਿਕ ਵਿਕਾਸ ਨੂੰ ਮਜ਼ਬੂਤੀ ਮਿਲੇ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਹੋਣ ਨਾਲ ਤਟਵਰਤੀ ਖੇਤਰਾਂ ਦੇ ਨਾਗਰਿਕਾਂ ਦੀ ਆਰਥਿਕ ਸਥਿਤੀ ਵੀ ਮਜ਼ਬੂਤ ਹੋਵੇ। ਇਨ੍ਹਾਂ ਵੱਡੇ ਟੀਚਿਆਂ ਦੀ ਨੀਂਹ ਵਿੱਚ 25 ਮਾਰਚ, 2015 ਨੂੰ ਕੇਂਦਰੀ ਕੈਬਨਿਟ ਦੁਆਰਾ ਮਨਜ਼ੂਰ ਸਾਗਰਮਾਲਾ ਦੀ ਕਲਪਨਾ ਅਤੇ ਸੰਸਥਾਗਤ ਢਾਂਚਾ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 14 ਅਪ੍ਰੈਲ 2016 ਨੂੰ ਮੈਰੀਟਾਈਮ ਇੰਡੀਆ ਸਮਿਟ 2016 ਵਿੱਚ ਇਸ ਖੇਤਰ ਵਿੱਚ ਵਿਸ਼ਵਵਿਆਪੀ ਨਿਵੇਸ਼ ਨੂੰ ਲੈ ਕੇ ਕਿਹਾ ਸੀ, "ਇਹ ਭਾਰਤ ਆਉਣ ਦਾ ਸਹੀ ਸਮਾਂ ਹੈ। ਸਮੁੰਦਰੀ ਮਾਰਗ ਰਾਹੀਂ ਆਉਣਾ ਹੋਰ ਵੀ ਬਿਹਤਰ ਹੈ। ਭਾਰਤੀ ਜਹਾਜ਼ ਲੰਬੀ ਦੌੜ ਲਈ ਪੂਰੀ ਤਰ੍ਹਾਂ ਤਿਆਰ ਹਨ। ਨਾ ਗੁਆਓ ਇਸ ਮੌਕੇ ਨੂੰ।"

ਸਮੁੰਦਰੀ ਵਿਜ਼ਨ 2030 'ਤੇ ਅਧਾਰਿਤ ਸਮੁੰਦਰੀ ਅੰਮ੍ਰਿਤ ਕਾਲ ਵਿਜ਼ਨ 2047 ਨੇ 4 ਮਿਲੀਅਨ ਜੀਆਰਟੀ ਦੀ ਜਹਾਜ਼ ਨਿਰਮਾਣ ਸਮਰੱਥਾ ਅਤੇ ਹਰ ਵਰ੍ਹੇ 10 ਅਰਬ ਮੀਟ੍ਰਿਕ ਟਨ



## ਸਹਾਇਤਾ ਦੇ ਪੰਜ ਥੰਮ੍ਹ

**ਪੋਰਟ ਆਧੁਨਿਕੀਕਰਣ**

2.91 ਲੱਖ ਕਰੋੜ ਰੁਪਏ ਦੀ ਲਾਗਤ ਨਾਲ 234 ਪ੍ਰੋਜੈਕਟਾਂ ਦਾ ਹੋ ਰਿਹਾ ਹੈ ਲਾਗੂਕਰਨ, 103 ਪ੍ਰੋਜੈਕਟ ਪੂਰੇ। 230 ਐੱਮਟੀਪੀਏ ਦੀ ਸਮਰੱਥਾ ਜੋੜੀ ਗਈ।

**ਪੋਰਟ ਕਨੈਕਟੀਵਿਟੀ**

2.06 ਲੱਖ ਕਰੋੜ ਰੁਪਏ ਦੇ 279 ਪ੍ਰੋਜੈਕਟਾਂ ਦਾ ਕੰਮ ਪ੍ਰਗਤੀ 'ਤੇ ਹੈ। 1,500 ਕਿਲੋਮੀਟਰ ਪੋਰਟ ਲਿੰਕ ਕਨੈਕਟੀਵਿਟੀ ਵਧਾਉਣ ਵਾਲੇ 92 ਪ੍ਰੋਜੈਕਟ ਪੂਰੇ ਹੋ ਚੁੱਕੇ ਹਨ।

**ਪੋਰਟ ਅਧਾਰਿਤ ਉਦਯੋਗੀਕਰਣ**

55,000 ਕਰੋੜ ਰੁਪਏ ਦੇ 14 ਪ੍ਰੋਜੈਕਟਾਂ 'ਤੇ ਕੰਮ ਜਾਰੀ ਹੈ। ਹੁਣ ਤੱਕ 9 ਪ੍ਰੋਜੈਕਟਸ ਪੂਰੇ ਹੋ ਚੁੱਕੇ ਹਨ।

**ਤਟਵਰਤੀ ਭਾਈਚਾਰਕ ਵਿਕਾਸ**

26,000 ਕਰੋੜ ਰੁਪਏ ਦੇ 310 ਤੋਂ ਵੱਧ ਪ੍ਰੋਜੈਕਟ। 30,000 ਤੋਂ ਵੱਧ ਮਛੇਰਿਆਂ ਨੂੰ ਲਾਭ ਹੋਇਆ; ਤਟਵਰਤੀ ਬੁਨਿਆਦੀ ਢਾਂਚੇ ਵਿੱਚ ਹੋਇਆ ਸੁਧਾਰ।

**ਤਟਵਰਤੀ ਸ਼ਿਪਿੰਗ ਅਤੇ ਇਨਲੈਂਡ ਵਾਟਰ ਵੇਅਜ਼**

10,000 ਕਰੋੜ ਰੁਪਏ 119 ਪ੍ਰੋਜੈਕਟਾਂ ਲਈ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਅਲਾਟ ਕੀਤੇ ਗਏ।

## ਸੜਕ-ਰੇਲ ਪ੍ਰੋਜੈਕਟਸ

ਭਾਵੇਂ ਤਾਂ ਇਸ ਦਾ ਨਾਮ ਸਾਗਰਮਾਲਾ ਪ੍ਰੋਗਰਾਮ ਹੈ, ਪਰ ਇਸ ਵਿੱਚ 272 ਸੜਕ ਅਤੇ ਰੇਲ ਸੰਪਰਕ ਪ੍ਰੋਜੈਕਟਸ ਵੀ ਚਿਨ੍ਹਿਤ ਕੀਤੇ ਗਏ ਹਨ। 272 ਪ੍ਰੋਜੈਕਟਾਂ ਵਿੱਚੋਂ 74 ਪੂਰੇ ਹੋ ਚੁੱਕੇ ਹਨ, 67 ਪ੍ਰੋਜੈਕਟਾਂ 'ਤੇ ਕੰਮ ਚੱਲ ਰਿਹਾ ਹੈ ਅਤੇ 131 ਪ੍ਰੋਜੈਕਟਸ ਹੁਣ ਵੀ ਵੱਖ-ਵੱਖ ਪੜਾਵਾਂ ਵਿੱਚ ਹਨ।

## 128 ਪ੍ਰੋਜੈਕਟਾਂ ਦੀ ਫੰਡਿੰਗ

ਸਾਗਰਮਾਲਾ ਵਿੱਚ 8,936 ਕਰੋੜ ਰੁਪਏ ਦੀ ਕੁੱਲ ਲਾਗਤ ਨਾਲ ਫਰਵਰੀ 2026 ਤੱਕ 128 ਪ੍ਰੋਜੈਕਟਾਂ ਨੂੰ ਫੰਡਿੰਗ ਲਈ ਮਨਜ਼ੂਰੀ ਦਿੱਤੀ ਗਈ ਹੈ। ਇਨ੍ਹਾਂ ਵਿੱਚੋਂ 78 ਪ੍ਰੋਜੈਕਟਸ ਪੂਰੇ ਹੋ ਚੁੱਕੇ ਹਨ ਜਦਕਿ 3,581 ਕਰੋੜ ਰੁਪਏ ਦੀ ਲਾਗਤ ਵਾਲੇ 50 ਪ੍ਰੋਜੈਕਟਸ ਵੱਖ-ਵੱਖ ਪੜਾਵਾਂ 'ਤੇ ਲਾਗੂ ਕਰਨ ਅਧੀਨ ਹਨ।

ਪੋਰਟ ਸੰਚਾਲਨ ਦਾ ਟੀਚਾ ਰੱਖਿਆ ਗਿਆ ਹੈ। ਇਸ ਦਾ ਉਦੇਸ਼ 2047 ਤੱਕ ਭਾਰਤ ਨੂੰ ਟੌਪ 5 ਜਹਾਜ਼ ਨਿਰਮਾਣ ਕਰਨ ਵਾਲੇ ਦੇਸ਼ਾਂ ਵਿੱਚ ਸਥਾਨ ਦਿਵਾਉਣਾ ਹੈ। ਇਨ੍ਹਾਂ ਉਦੇਸ਼ਾਂ ਦੀ ਪੂਰਤੀ ਵਿੱਚ ਸਾਗਰਮਾਲਾ ਪ੍ਰੋਗਰਾਮ ਆਪਣੀ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ।

ਸਾਗਰਮਾਲਾ ਪ੍ਰੋਗਰਾਮ ਦੇ ਤਹਿਤ ਲਗਭਗ 839 ਪ੍ਰੋਜੈਕਟਾਂ ਦੀ ਪਛਾਣ ਕੀਤੀ ਗਈ ਹੈ, ਜਿਸ ਦੀ ਅਨੁਮਾਨਿਤ ਲਾਗਤ ਲਗਭਗ 5.79 ਲੱਖ ਕਰੋੜ ਰੁਪਏ ਹੈ। ਇਨ੍ਹਾਂ ਵਿੱਚੋਂ 2.42 ਲੱਖ ਕਰੋੜ ਰੁਪਏ ਦੀ ਕੁੱਲ ਪ੍ਰੋਜੈਕਟ ਲਾਗਤ ਵਾਲੇ 119 ਪ੍ਰੋਜੈਕਟਸ ਜਨਤਕ-ਨਿਜੀ ਭਾਗੀਦਾਰੀ (ਪੀਪੀਪੀ) ਮੋਡ ਦੇ ਮਾਧਿਅਮ ਨਾਲ ਲਾਗੂ ਕੀਤੇ ਜਾ ਰਹੇ ਹਨ। ਸਾਗਰਮਾਲਾ ਪ੍ਰੋਗਰਾਮ ਦੇ 280 ਪ੍ਰੋਜੈਕਟਸ ਪੂਰੇ ਹੋ ਚੁੱਕੇ ਹਨ, ਜਿਨ੍ਹਾਂ ਵਿੱਚ ਲਗਭਗ 1.42 ਲੱਖ ਕਰੋੜ ਰੁਪਏ ਦਾ ਨਿਵੇਸ਼ ਹੋਇਆ ਹੈ। 1.62 ਲੱਖ ਕਰੋੜ ਰੁਪਏ ਦੇ 209 ਪ੍ਰੋਜੈਕਟਾਂ ਦਾ ਲਾਗੂਕਰਨ ਚਲ ਰਿਹਾ ਹੈ ਜਦਕਿ 2.75 ਲੱਖ ਕਰੋੜ ਰੁਪਏ ਲਾਗਤ ਨਾਲ 350 ਪ੍ਰੋਜੈਕਟਸ ਵਿਕਾਸ ਦੇ ਵੱਖ-ਵੱਖ ਪੜਾਵਾਂ ਵਿੱਚ ਹਨ।

ਸਾਗਰਮਾਲਾ ਨੇ ਭਾਰਤ ਦੇ ਪੋਰਟਸ ਦੀ ਸੰਚਾਲਨ ਗਤੀ ਨੂੰ ਵਧਾਇਆ ਹੈ, ਤਟਵਰਤੀ ਅਰਥਵਿਵਸਥਾ ਨੂੰ ਉਤਸ਼ਾਹਿਤ ਕੀਤਾ ਹੈ ਅਤੇ ਇਨਲੈਂਡ ਵਾਟਰ ਵੇਅਜ਼ ਨੂੰ ਮੁੜ ਸੁਰਜੀਤ ਕੀਤਾ ਹੈ। ਵਿਸ਼ਵਵਿਆਪੀ ਲੌਜਿਸਟਿਕਸ ਰੈਂਕਿੰਗ ਵਿੱਚ ਸੁਧਾਰ ਕੀਤਾ ਹੈ। ਭਾਰਤ ਸਰਕਾਰ ਦੇ ਅੰਕੜੇ ਦੱਸਦੇ ਹਨ ਕਿ ਇੱਕ ਦਹਾਕੇ ਵਿੱਚ ਕੌਸਟਲ ਸ਼ਿਪਿੰਗ ਵਿੱਚ 118% ਦਾ ਵਾਧਾ ਹੋਇਆ ਹੈ, ਰੋ-ਪੈਕਸ ਫੈਰੀ ਨੇ 40 ਲੱਖ ਤੋਂ ਵੱਧ ਯਾਤਰੀਆਂ ਨੂੰ ਪਹੁੰਚਾਇਆ ਹੈ। ਇਨਲੈਂਡ ਵਾਟਰ ਵੇਅਜ਼ ਰਾਹੀਂ ਮਾਲ ਦੀ ਢੋਆ-ਢੁਆਈ ਵਿੱਚ 700% ਦਾ ਵਾਧਾ ਹੋਇਆ ਹੈ। ਨੌਂ ਇੰਡੀਅਨ ਪੋਰਟਸ ਵਿਸ਼ਵ ਦੇ ਟੌਪ 100 ਪੋਰਟਸ ਵਿੱਚ ਸ਼ਾਮਲ ਹਨ, ਜਿਨ੍ਹਾਂ ਵਿੱਚੋਂ ਵਿਸ਼ਾਖਾਪਟਨਮ ਟੌਪ 20 ਕੰਟੇਨਰ ਪੋਰਟਸ ਵਿੱਚੋਂ ਇੱਕ ਹੈ। ਇੰਡੀਅਨ ਪੋਰਟਸ ਹੁਣ ਕਈ ਪ੍ਰਮੁੱਖ ਮਾਪਦੰਡਾਂ 'ਤੇ ਉੱਨਤ ਸਮੁੰਦਰੀ ਦੇਸ਼ਾਂ ਨਾਲੋਂ ਬਿਹਤਰ ਪ੍ਰਦਰਸ਼ਨ ਕਰ ਰਹੇ ਹਨ।

### ਸਾਗਰਮਾਲਾ: ਇਨਫ੍ਰਾਸਟ੍ਰਕਚਰ ਨਿਰਮਾਣ ਵੀ, ਰੁਜ਼ਗਾਰ ਵੀ

ਸਾਗਰਮਾਲਾ ਵਿੱਚ ਸ਼ਾਮਲ ਸਾਰੇ ਥੰਮ੍ਹ ਮਿਲ ਕੇ ਡਿਜੀਟਲ ਇਨਫ੍ਰਾਸਟ੍ਰਕਚਰ ਦਾ ਵਿਕਾਸ, ਤਟਵਰਤੀ ਭਾਈਚਾਰਿਆਂ ਲਈ ਹੁਨਰ ਵਿਕਾਸ ਅਤੇ ਰੁਜ਼ਗਾਰ ਪੈਦਾ ਕਰਨਾ, ਇਨਲੈਂਡ ਵਾਟਰ ਟ੍ਰਾਂਸਪੋਰਟ ਅਤੇ ਨਿਰਯਾਤ-ਆਯਾਤ ਵਪਾਰ ਦੀ ਮੁਕਾਬਲੇਬਾਜ਼ੀ ਨੂੰ ਵਧਾਉਣ ਲਈ ਪੋਰਟਸ ਦੇ ਇਨਫ੍ਰਾਸਟ੍ਰਕਚਰ ਦਾ ਵਿਕਾਸ ਕਰਦੇ ਹਨ। ਇਸ ਨਾਲ ਬਹੁ-ਆਯਾਮੀ ਲੌਜਿਸਟਿਕਸ ਪਾਰਕ, ਜਹਾਜ਼ ਮੁਰੰਮਤ ਕਲਸਟਰ ਅਤੇ ਗ੍ਰੀਨ ਹਾਈਡ੍ਰੋਜਨ ਫਿਊਲ ਹੱਬ ਜਿਹੇ ਸਹਾਇਕ ਉਦਯੋਗਾਂ ਨੂੰ ਹੁਲਾਰਾ ਮਿਲੇਗਾ, ਜਿਸ ਦਾ ਅਰਥਵਿਵਸਥਾ 'ਤੇ ਮਜ਼ਬੂਤ ਪ੍ਰਭਾਵ ਪਵੇਗਾ। ਨਾਲ ਹੀ ਆਜੀਵਿਕਾ, ਖੇਤਰੀ ਵਿਕਾਸ ਅਤੇ ਸਮੁੰਦਰੀ ਖੇਤਰ ਦੀ ਮੁਕਾਬਲੇਬਾਜ਼ੀ ਵਿੱਚ ਵਾਧਾ ਹੋਵੇਗਾ। ਸਮੁੰਦਰੀ ਅੰਮ੍ਰਿਤ ਕਾਲ ਵਿਜ਼ਨ ਨਾਲ 2047 ਦੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਵਿੱਚ ਸਹਾਇਤਾ ਮਿਲੇਗੀ। ■



ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

# ਚਕ੍ਰਵਰਤੀ ਰਾਜਗੋਪਾਲਾਚਾਰੀ ਦਾ ਜੀਵਨ ਰਾਸ਼ਟਰ ਦੇ ਪ੍ਰਤੀ ਅਟੁੱਟ ਸਮਰਪਣ ਦਾ ਪ੍ਰਤੀਕ

ਆਜ਼ਾਦੀ ਦੇ ਅੰਮ੍ਰਿਤ ਮਹੋਤਸਵ ਦੇ ਦੌਰਾਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਲਾਲ ਕਿਲ੍ਹੇ ਤੋਂ 'ਪੰਚ ਪ੍ਰਾਣਾਂ' ਦੀ ਗੱਲ ਕੀਤੀ ਸੀ। ਉਨ੍ਹਾਂ ਵਿੱਚੋਂ ਇੱਕ ਹੈ, 'ਗ਼ੁਲਾਮੀ ਦੀ ਮਾਨਸਿਕਤਾ ਤੋਂ ਮੁਕਤੀ। ਇਹੀ ਵਜ੍ਹਾ ਹੈ ਕਿ ਅੱਜ ਦੇਸ਼ ਗ਼ੁਲਾਮੀ ਦੇ ਪ੍ਰਤੀਕਾਂ ਨੂੰ ਪਿੱਛੇ ਛੱਡ ਕੇ ਭਾਰਤ ਦੀ ਸੰਸਕ੍ਰਿਤੀ ਨਾਲ ਜੁੜੀਆਂ ਚੀਜ਼ਾਂ ਨੂੰ ਮਹੱਤਵ ਦੇਣ ਲਗਿਆ ਹੈ। ਇਸ ਦਿਸ਼ਾ ਵਿੱਚ ਰਾਸ਼ਟਰਪਤੀ ਭਵਨ ਨੇ ਵੀ ਇੱਕ ਮਹੱਤਵਪੂਰਨ ਕਦਮ ਚੁੱਕਿਆ ਅਤੇ 23 ਫਰਵਰੀ ਨੂੰ 'ਰਾਜਾਜੀ ਉਤਸਵ' ਮਨਾਇਆ। ਇਸ ਮੌਕੇ 'ਤੇ ਰਾਸ਼ਟਰਪਤੀ ਭਵਨ ਦੇ ਕੇਂਦਰੀ ਵਿਹੜੇ ਵਿੱਚ ਸੁਤੰਤਰ ਭਾਰਤ ਦੇ ਪਹਿਲੇ ਭਾਰਤੀ ਗਵਰਨਰ ਜਨਰਲ ਚਕ੍ਰਵਰਤੀ ਰਾਜਗੋਪਾਲਾਚਾਰੀ ਦੀ ਪ੍ਰਤਿਮਾ ਦਾ ਕੀਤਾ ਗਿਆ ਉਦਘਾਟਨ ...

ਸੁਤੰਤਰ ਭਾਰਤ ਦੇ ਪਹਿਲੇ ਭਾਰਤੀ ਗਵਰਨਰ ਜਨਰਲ ਚਕ੍ਰਵਰਤੀ ਰਾਜਗੋਪਾਲਾਚਾਰੀ ਉਨ੍ਹਾਂ ਲੋਕਾਂ ਵਿੱਚੋਂ ਸਨ, ਜਿਨ੍ਹਾਂ ਨੇ ਸੱਤਾ ਨੂੰ ਅਹੁਦੇ ਦੀ ਤਰ੍ਹਾਂ ਨਹੀਂ, ਸਗੋਂ ਸੇਵਾ ਦੀ ਤਰ੍ਹਾਂ ਦੇਖਿਆ। ਜਨਤਕ ਜੀਵਨ ਵਿੱਚ ਉਨ੍ਹਾਂ ਦਾ ਆਚਰਣ, ਸਵੈ-ਸੰਜਮ ਅਤੇ ਸੁਤੰਤਰ ਚਿੰਤਨ, ਅੱਜ ਵੀ ਦੇਸ਼ ਨੂੰ ਪ੍ਰੇਰਿਤ ਕਰਦਾ ਹੈ। ਬਦਕਿਸਮਤੀ ਨਾਲ, ਆਜ਼ਾਦੀ ਤੋਂ ਬਾਅਦ ਵੀ ਰਾਸ਼ਟਰਪਤੀ ਭਵਨ ਵਿੱਚ ਬ੍ਰਿਟਿਸ਼ ਪ੍ਰਸ਼ਾਸਕਾਂ ਦੀਆਂ ਮੂਰਤੀਆਂ ਤਾਂ ਲਗੀਆਂ ਰਹੀਆਂ ਪਰ ਦੇਸ਼ ਦੇ ਮਹਾਨ ਸਪੂਤਾਂ ਨੂੰ ਜਗ੍ਹਾ ਨਹੀਂ ਦਿੱਤੀ ਗਈ। ਬ੍ਰਿਟਿਸ਼ ਆਰਕੀਟੈਕਟ ਐਡਵਿਨ ਲੁਟੀਅਨਜ਼ ਦੀ ਪ੍ਰਤਿਮਾ ਵੀ ਰਾਸ਼ਟਰਪਤੀ ਭਵਨ ਵਿੱਚ ਲਗੀ ਹੋਈ ਸੀ। ਹੁਣ ਇਸ ਪ੍ਰਤਿਮਾ ਦੀ ਥਾਂ 'ਤੇ ਰਾਜਾਜੀ  ਦੇ ਨਾਮ ਨਾਲ ਪਛਾਣ ਰੱਖਣ ਵਾਲੇ ਸੀ. ਰਾਜਗੋਪਾਲਾਚਾਰੀ ਦੀ ਪ੍ਰਤਿਮਾ ਲਗਾਈ ਗਈ ਹੈ, ਜਿਸ ਦਾ ਉਦਘਾਟਨ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਕੀਤਾ। ਇਸ ਮੌਕੇ 'ਤੇ ਰਾਸ਼ਟਰਪਤੀ ਨੇ ਕਿਹਾ ਕਿ ਜਦੋਂ ਰਾਜਾਜੀ ਗਵਰਨਮੈਂਟ ਹਾਊਸ  (ਜਿਸ ਨੂੰ ਹੁਣ ਰਾਸ਼ਟਰਪਤੀ ਭਵਨ ਦੇ ਨਾਮ ਨਾਲ ਜਾਣਿਆ ਜਾਂਦਾ ਹੈ) ਪਹੁੰਚੇ ਸਨ, ਤਾਂ ਉਨ੍ਹਾਂ ਨੇ ਆਪਣੇ ਕਮਰੇ ਵਿੱਚ ਰਾਮਕ੍ਰਿਸ਼ਨ ਪਰਮਹੰਸ ਅਤੇ ਮਹਾਤਮਾ ਗਾਂਧੀ ਦੀਆਂ ਤਸਵੀਰਾਂ ਲਗਾਈਆਂ ਸਨ। ਰਾਜਾਜੀ ਦੇ ਵਿਚਾਰਾਂ ਅਤੇ ਕੰਮਾਂ ਵਿੱਚ ਭਾਰਤੀ ਚੇਤਨਾ ਅਤੇ ਸਾਰੇ ਭਾਰਤੀਆਂ, ਖਾਸ ਕਰਕੇ ਕਮਜ਼ੋਰ ਵਰਗਾਂ ਨਾਲ ਜੁੜਾਅ ਸਾਫ਼ ਦਿਖਾਈ ਦਿੰਦਾ ਹੈ।

ਰਾਸ਼ਟਰਪਤੀ ਭਵਨ 'ਰਾਸ਼ਟਰ ਕਾ ਭਵਨ' ਹੈ। ਇਹ ਦੇਸ਼ ਦੇ ਨਾਗਰਿਕਾਂ ਦਾ ਹੈ। ਰਾਸ਼ਟਰਪਤੀ ਭਵਨ ਅਤੇ ਸ਼ਿਮਲਾ, ਹੈਦਰਾਬਾਦ ਅਤੇ ਦੇਹਰਾਦੂਨ ਸਥਿਤ ਹੋਰ ਰਾਸ਼ਟਰਪਤੀ ਭਵਨ



## ਰਾਸ਼ਟਰਪਤੀ ਭਵਨ ਵਿੱਚ ਆਯੋਜਿਤ ਰਾਜਾਜੀ ਉਤਸਵ

- ਰਾਸ਼ਟਰਪਤੀ ਨੇ ਰਾਜਾਜੀ ਦੇ ਜੀਵਨ ਅਤੇ ਕੰਮਾਂ 'ਤੇ ਅਧਾਰਿਤ ਫੋਟੋ ਅਤੇ ਪੁਸਤਕ ਪ੍ਰਦਰਸ਼ਨੀ ਦਾ ਦੌਰਾ ਕੀਤਾ। ਰਾਜਾਜੀ ਦੇ ਜੀਵਨ 'ਤੇ ਇੱਕ ਫ਼ਿਲਮ ਵੀ ਪ੍ਰਦਰਸ਼ਿਤ ਕੀਤੀ ਗਈ।
- ਰਾਸ਼ਟਰਪਤੀ ਅਤੇ ਹੋਰ ਪਤਵੰਤਿਆਂ ਨੇ ਪ੍ਰੋਗਰਾਮ ਦੇ ਤਹਿਤ ਸੱਭਿਆਚਾਰਕ ਪੇਸ਼ਕਾਰੀਆਂ ਦਾ ਵੀ ਆਨੰਦ ਲਿਆ।

## ਗ਼ੁਲਾਮੀ ਦੀ ਮਾਨਸਿਕਤਾ ਤੋਂ ਮੁਕਤੀ

ਮਹਾਤਮਾ ਗਾਂਧੀ ਦੀ ਪ੍ਰਤਿਮਾ ਦੇ ਸਾਹਮਣੇ ਅਸ਼ੋਕ ਮੰਡਪ ਦੇ ਨੇੜੇ ਸਥਿਤ ਸ਼ਾਨਦਾਰ ਪੌੜੀਆਂ 'ਤੇ ਸਥਾਪਿਤ ਸੀ. ਰਾਜਗੋਪਾਲਾਚਾਰਿਆ ਦੀ ਪ੍ਰਤਿਮਾ ਨੇ ਐਡਵਿਨ ਲੁਟੀਅਨਜ਼ ਦੀ ਪ੍ਰਤਿਮਾ ਦੀ ਜਗ੍ਹਾ ਲੈ ਲਈ ਹੈ। ਇਹ ਪਹਿਲ ਬਸਤੀਵਾਦੀ ਮਾਨਸਿਕਤਾ ਦੇ ਨਿਸ਼ਾਨਾਂ ਨੂੰ ਮਿਟਾਉਣ ਅਤੇ ਭਾਰਤ ਦੀ ਸਮ੍ਰਿੱਧ ਸੰਸਕ੍ਰਿਤੀ, ਵਿਰਾਸਤ ਅਤੇ ਸਦੀਵੀ ਪਰੰਪਰਾਵਾਂ ਨੂੰ ਮਾਣ ਨਾਲ ਅਪਣਾਉਣ ਦੀ ਦਿਸ਼ਾ ਵਿੱਚ ਚੁੱਕੇ ਜਾ ਰਹੇ ਕਦਮਾਂ ਦੀ ਲੜੀ ਦਾ ਇੱਕ ਹਿੱਸਾ ਹੈ।

## ਸਰਕਾਰ ਦੀ 'ਸੇਵਾ ਭਾਵਨਾ' ਨੂੰ ਦਰਸਾਉਂਦੇ ਹਨ ਇਹ ਬਦਲਾਅ

ਰਾਜ ਭਵਨ ਹੁਣ 'ਲੋਕ ਭਵਨ' ਬਣ ਗਏ ਹਨ। ਪ੍ਰਧਾਨ ਮੰਤਰੀ ਦਫ਼ਤਰ ਸੇਵਾ ਤੀਰਥ ਬਣ ਗਿਆ ਹੈ। ਕੇਂਦਰੀ ਸਕੱਤਰੇਤ ਹੁਣ ਕਰਤਵਯ ਭਵਨ ਵਿੱਚ ਬਦਲ ਗਿਆ ਹੈ। ਬਸਤੀਵਾਦੀ ਕਾਲ ਦੇ ਅਪਰਾਧਿਕ ਕਾਨੂੰਨਾਂ ਵਿੱਚ ਬਦਲਾਅ ਕੀਤਾ ਗਿਆ ਹੈ। ਇੰਡੀਆ ਗੇਟ ਦੇ ਕੋਲ ਨੇਤਾਜੀ ਸੁਭਾਸ਼ ਚੰਦਰ ਬੋਸ ਦੀ ਪ੍ਰਤਿਮਾ ਸਥਾਪਿਤ ਕੀਤੀ ਗਈ ਹੈ। ਰਾਸ਼ਟਰੀ ਯੁੱਧ ਸਮਾਰਕ ਦਾ ਨਿਰਮਾਣ ਕੀਤਾ ਗਿਆ ਹੈ। ਇਹ ਬਦਲਾਅ ਸਿਰਫ਼ ਪ੍ਰਤੀਕਾਤਮਕ ਨਹੀਂ ਹਨ, ਸਗੋਂ ਸਰਕਾਰ ਦੀ 'ਸੇਵਾ ਭਾਵਨਾ' ਨੂੰ ਦਰਸਾਉਂਦੇ ਹਨ।

## ...ਜਦੋਂ ਰਾਸ਼ਟਰਪਤੀ ਭਵਨ ਕੰਪਲੈਕਸ ਵਿੱਚ ਰਾਜਾਜੀ ਨੇ ਸ਼ੁਰੂ ਕੀਤੀ ਖੇਤੀ

ਬ੍ਰਿਟਿਸ਼ ਸ਼ਾਸਨ ਦੇ ਦੌਰਾਨ ਭਾਰਤ ਦੇ ਲੋਕਾਂ ਨੂੰ ਅਕਾਲ ਅਤੇ ਸੋਕੇ ਵਰਗੀਆਂ ਮੁਸੀਬਤਾਂ ਦਾ ਕਈ ਵਾਰ ਸਾਹਮਣਾ ਕਰਨਾ ਪਿਆ। ਆਜ਼ਾਦੀ ਤੋਂ ਬਾਅਦ ਵੀ ਨਾਗਰਿਕਾਂ ਨੂੰ ਖੁਰਾਕੀ ਸੰਕਟ ਨਾਲ ਜੂਝਣਾ ਪਿਆ। ਦੇਸ਼ ਵਾਸੀਆਂ ਦੇ ਪ੍ਰਤੀ ਹਮਦਰਦੀ ਅਤੇ ਕਿਸਾਨਾਂ ਨੂੰ ਪ੍ਰੇਰਿਤ ਕਰਨ ਲਈ ਬਹੁਮੁਖੀ ਸ਼ਖ਼ਸੀਅਤ ਦੇ ਮਾਲਕ ਰਾਜਾਜੀ ਨੇ ਰਾਸ਼ਟਰਪਤੀ ਭਵਨ ਕੰਪਲੈਕਸ ਵਿੱਚ ਅਨਾਜ ਉਗਾਉਣ ਲਈ ਖੇਤੀ ਸ਼ੁਰੂ ਕੀਤੀ। ਉਨ੍ਹਾਂ ਨੇ ਖ਼ੁਦ ਖੇਤ ਵਾਹ ਕੇ ਇੱਕ ਪ੍ਰੇਰਨਾਦਾਇਕ ਉਦਾਹਰਣ ਪੇਸ਼ ਕੀਤੀ। ਇੰਨਾ ਹੀ ਨਹੀਂ, ਕਾਨੂੰਨ, ਸੁਤੰਤਰਤਾ ਸੰਗ੍ਰਾਮ, ਸਮਾਜਿਕ ਅਤੇ ਆਰਥਿਕ ਸੁਧਾਰ, ਪ੍ਰਾਚੀਨ ਭਾਰਤੀ ਗ੍ਰੰਥ, ਤਮਿਲ ਅਤੇ ਅੰਗਰੇਜ਼ੀ ਲੇਖਣੀ, ਕਵਿਤਾ ਅਤੇ ਸੰਗੀਤ, ਰਾਜਨੀਤੀ ਅਤੇ ਸ਼ਾਸਨ ਵਿੱਚ ਉਨ੍ਹਾਂ ਦੇ ਯੋਗਦਾਨ ਨੇ ਇਨ੍ਹਾਂ ਖੇਤਰਾਂ ਨੂੰ ਸਮ੍ਰਿੱਧ ਕੀਤਾ।



> ਇਹ ਯਤਨ ਹੈ ਜੋ ਦਿਖਾਉਂਦਾ ਹੈ ਕਿ ਭਾਰਤ ਉਨ੍ਹਾਂ ਲੋਕਾਂ ਨੂੰ ਸਨਮਾਨ ਦੇਣਾ ਚਾਹੁੰਦਾ ਹੈ ਜਿਨ੍ਹਾਂ ਨੇ ਦੇਸ਼ ਦਾ ਭਵਿੱਖ ਬਣਾਇਆ। ਇਹ ਬਸਤੀਵਾਦੀ ਸੋਚ ਦੇ ਅਸਰ ਨੂੰ ਖਤਮ ਕਰਨ ਦੀ ਦਿਸ਼ਾ ਵਿੱਚ ਇੱਕ ਕਦਮ ਹੈ। ਰਾਜਾਜੀ ਇੱਕ ਉੱਘੇ ਵਿਦਵਾਨ, ਸੁਤੰਤਰਤਾ ਸੈਨਾਨੀ, ਚਿੰਤਕ ਅਤੇ ਪ੍ਰਸ਼ਾਸਕ ਸਨ। ਉਨ੍ਹਾਂ ਦਾ ਜੀਵਨ ਸੱਚੀ ਨਿਸ਼ਠਾ, ਬੁੱਧੀਮਾਨੀ ਅਤੇ ਰਾਸ਼ਟਰ ਦੇ ਪ੍ਰਤੀ ਅਟੁੱਟ ਵਚਨਬੱਧਤਾ ਦਾ ਪ੍ਰਤੀਕ ਸੀ।
>
> **- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਉਨ੍ਹਾਂ ਸਾਰੇ ਲੋਕਾਂ ਦੇ ਸੁਆਗਤ ਦੇ ਲਈ ਖੁੱਲ੍ਹੇ ਹਨ, ਜੋ ਭਾਰਤ ਦੇ ਲੋਕਤੰਤਰ ਦੀਆਂ ਪਰੰਪਰਾਵਾਂ ਅਤੇ ਇਸ ਦੀ ਸਮ੍ਰਿੱਧ ਸੱਭਿਆਚਾਰਕ ਵਿਰਾਸਤ ਦੇ ਬਾਰੇ ਵਿੱਚ ਜਾਣਨਾ ਚਾਹੁੰਦੇ ਹਨ। ਰਾਸ਼ਟਰਪਤੀ ਨੇ ਕਿਹਾ ਕਿ ਪਹਿਲਾਂ ਰਾਸ਼ਟਰਪਤੀ ਭਵਨ ਦੇ ਕੌਰੀਡੋਰਸ ਵਿੱਚ ਭਾਰਤ ਦਾ ਸ਼ੋਸ਼ਣ ਕਰਨ ਵਾਲੇ ਬ੍ਰਿਟਿਸ਼ ਸਾਮਰਾਜਵਾਦੀ ਅਧਿਕਾਰੀਆਂ ਦੀਆਂ ਤਸਵੀਰਾਂ ਲਗੀਆਂ ਹੁੰਦੀਆਂ ਸਨ। ਹੁਣ ਇਹ 'ਪਰਮਵੀਰ ਦੀਰਘਾ' ਨਾਮਕ ਗੈਲਰੀ ਪਰਮਵੀਰ ਚਕ੍ਰ ਜੇਤੂਆਂ ਦੇ ਚਿੱਤਰਾਂ ਨਾਲ ਸੁਸ਼ੋਭਿਤ ਹਨ। ਭਾਰਤ ਦੀਆਂ ਸ਼ਾਸਤਰੀ ਭਾਸ਼ਾਵਾਂ ਦੇ ਗ੍ਰੰਥਾਂ ਅਤੇ ਪਾਂਡੂਲਿਪੀਆਂ ਵਿੱਚ ਸੰਚਿਤ ਗਿਆਨ ਦੀ ਮਹਾਨ ਪਰੰਪਰਾ ਨੂੰ ਸੁਰੱਖਿਅਤ ਕਰਨ ਦੇ ਲਈ ਰਾਸ਼ਟਰਪਤੀ ਭਵਨ ਵਿੱਚ 'ਗ੍ਰੰਥ ਕੁਟੀਰ' ਦੀ ਸਥਾਪਨਾ ਕੀਤੀ ਗਈ ਹੈ।

ਉਪ-ਰਾਸ਼ਟਰਪਤੀ ਸੀ.ਪੀ. ਰਾਧਾਕ੍ਰਿਸ਼ਨਨ ਨੇ 'ਰਾਜਾਜੀ ਉਤਸਵ' ਵਿੱਚ ਕਿਹਾ ਕਿ ਰਾਜਾਜੀ ਉਤਸਵ ਮਨਾ ਕੇ ਅਸੀਂ ਬਸਤੀਵਾਦੀ ਵਿਰਾਸਤ ਤੋਂ ਮੁਕਤੀ ਦੀ ਦਿਸ਼ਾ ਵਿੱਚ ਇੱਕ ਹੋਰ ਮੀਲ ਪੱਥਰ ਹਾਸਲ ਕਰ ਲਿਆ ਹੈ। ਭਾਰਤ ਬਸਤੀਵਾਦੀ ਪ੍ਰਭਾਵ ਤੋਂ ਮੁਕਤ ਹੋ ਰਿਹਾ ਹੈ। ਇਹ ਕੋਈ ਇੱਕ ਘਟਨਾ ਨਹੀਂ ਹੈ। ਇਹ ਸ਼ਾਸਨ, ਕਾਨੂੰਨ, ਸਿੱਖਿਆ, ਸੱਭਿਆਚਾਰ ਅਤੇ ਰਾਸ਼ਟਰੀ ਪਛਾਣ ਦੇ ਖੇਤਰ ਵਿੱਚ ਨਿਰੰਤਰ ਚਲ ਰਿਹਾ ਪਰਿਵਰਤਨ ਹੈ।



ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

# ਰਾਜਸਥਾਨ ਵਿਕਾਸ ਦੇ ਨਵੇਂ ਰਾਹ 'ਤੇ ਵਧਦਾ ਹੋਇਆ

ਰਾਜਸਥਾਨ ਨੂੰ ਵਿਕਾਸ ਦੇ ਰਾਹ 'ਤੇ ਤੇਜ਼ ਗਤੀ ਨਾਲ ਅੱਗੇ ਵਧਾਉਣ ਲਈ ਸੜਕ, ਬਿਜਲੀ, ਪਾਣੀ, ਸਿਹਤ, ਸਿੱਖਿਆ, ਹਰ ਖੇਤਰ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ। ਕਿਉਂਕਿ ਜਦੋਂ ਰਾਜਸਥਾਨ ਵਿਕਸਿਤ ਹੋਵੇਗਾ, ਤਾਂ ਇੱਥੋਂ ਦੇ ਹਰ ਪਰਿਵਾਰ ਦਾ ਜੀਵਨ ਖੁਸ਼ਹਾਲ ਹੋਵੇਗਾ। ਰਾਜ ਅਤੇ ਨਾਗਰਿਕਾਂ ਦੇ ਜੀਵਨ ਨੂੰ ਖੁਸ਼ਹਾਲੀ ਦੇ ਰਾਹ 'ਤੇ ਅੱਗੇ ਵਧਾਉਣ ਦੀ ਕੜੀ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 28 ਫਰਵਰੀ ਨੂੰ ਰਾਜਸਥਾਨ ਦੇ ਅਜਮੇਰ ਵਿੱਚ ਕਰੀਬ 17,000 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਦੀ ਕੀਤੀ ਸ਼ੁਰੂਆਤ...

ਚੰਗੀ ਸੜਕ, ਆਧੁਨਿਕ ਰੇਲ ਅਤੇ ਹਵਾਈ ਸੁਵਿਧਾ ਨਾਲ ਸਿਰਫ਼ ਸਫਰ ਅਸਾਨ ਨਹੀਂ ਹੁੰਦਾ ਸਗੋਂ ਇਸ ਨਾਲ ਪੂਰੇ ਇਲਾਕੇ ਦੀ ਕਿਸਮਤ ਬਦਲਦੀ ਹੈ। ਜਦੋਂ ਪਿੰਡ-ਪਿੰਡ ਤੱਕ ਚੰਗੀਆਂ ਸੜਕਾਂ ਪਹੁੰਚਦੀਆਂ ਹਨ ਤਾਂ ਕਿਸਾਨ ਆਪਣੀ ਫਸਲ ਸਹੀ ਕੀਮਤ 'ਤੇ ਵੇਚ ਪਾਉਂਦੇ ਹਨ। ਵਪਾਰੀ ਅਸਾਨੀ ਨਾਲ ਆਪਣਾ ਸਾਮਾਨ ਬਾਹਰ ਭੇਜ ਪਾਉਂਦੇ ਹਨ। ਰਾਜਸਥਾਨ ਦੇ ਅਜਮੇਰ ਤੋਂ ਵਿਕਾਸ ਕਾਰਜਾਂ ਦੀ ਸ਼ੁਰੂਆਤ ਦੌਰਾਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਜਦੋਂ ਟੂਰਿਸਟ ਆਉਂਦੇ ਹਨ ਤਾਂ ਸੁਭਾਵਿਕ ਹੈ ਹੋਟਲ ਚਲਦੇ ਹਨ, ਢਾਬੇ ਚਲਦੇ ਹਨ, ਕਚੋਰੀ ਅਤੇ ਦਾਲ ਬਾਟੀ ਜ਼ਿਆਦਾ ਵਿਕਦੀ ਹੈ। ਇੱਥੇ ਰਾਜਸਥਾਨ ਦੇ ਕਾਰੀਗਰਾਂ ਦਾ ਬਣਾਇਆ ਸਾਮਾਨ ਵਿਕਦਾ ਹੈ, ਟੈਕਸੀ ਚਲਦੀ ਹੈ, ਗਾਇਡ ਨੂੰ ਕੰਮ ਮਿਲਦਾ ਹੈ। ਭਾਵ ਇੱਕ ਟੂਰਿਸਟ ਕਈ ਪਰਿਵਾਰਾਂ ਦੀ ਰੋਜ਼ੀ-ਰੋਟੀ ਬਣ ਜਾਂਦਾ ਹੈ। ਇਸੇ ਸੋਚ ਦੇ ਨਾਲ ਸਰਕਾਰ, ਰਾਜਸਥਾਨ ਵਿੱਚ ਆਧੁਨਿਕ ਕਨੈਕਟੀਵਿਟੀ 'ਤੇ ਬਹੁਤ ਜ਼ੋਰ ਦੇ ਰਹੀ ਹੈ।

ਸਰਕਾਰ ਨੇ ਨਦੀਆਂ ਨੂੰ ਜੋੜਨ ਦਾ ਜੋ ਅਭਿਆਨ ਸ਼ੁਰੂ ਕੀਤਾ ਹੈ, ਉਸ ਦਾ ਬਹੁਤ ਵੱਧ ਫਾਇਦਾ ਰਾਜਸਥਾਨ ਨੂੰ ਮਿਲਣਾ ਤੈਅ ਹੈ। ਸੰਸ਼ੋਧਿਤ ਪਾਰਵਤੀ-ਕਾਲੀਸਿੰਧ-ਚੰਬਲ ਲਿੰਕ ਪ੍ਰੋਜੈਕਟ ਹੋਵੇ ਜਾਂ ਯਮੁਨਾ-ਰਾਜਸਥਾਨ ਲਿੰਕ ਪ੍ਰੋਜੈਕਟ, ਡਬਲ ਇੰਜਣ ਸਰਕਾਰ ਅਜਿਹੇ ਕਈ ਸਿੰਚਾਈ ਪ੍ਰੋਜੈਕਟਾਂ ਦਾ ਲਾਭ ਕਿਸਾਨਾਂ ਤੱਕ ਪਹੁੰਚਾਉਣ ਲਈ ਵਚਨਬੱਧ ਹੈ। ਪੀਐੱਮ ਮੋਦੀ ਨੇ ਕਿਹਾ ਕਿ ਝਾਲਾਵਾੜ, ਬਾਰਾਂ, ਕੋਟਾ ਅਤੇ ਬੂੰਦੀ ਜ਼ਿਲ੍ਹੇ ਲਈ ਪਾਣੀ ਦੇ ਕਈ ਪ੍ਰੋਜੈਕਟਾਂ 'ਤੇ ਕੰਮ ਸ਼ੁਰੂ ਹੋਇਆ ਹੈ। ਸਾਡਾ ਯਤਨ ਹੈ ਕਿ ਰਾਜਸਥਾਨ ਵਿੱਚ ਭੂ-ਜਲ ਦਾ ਪੱਧਰ ਵੀ ਉੱਪਰ ਉਠੇ।

## ਰਾਜਸਥਾਨ ਨੂੰ ਪੀਐੱਮ ਮੋਦੀ ਨੇ ਦਿੱਤੇ ਵਿਕਾਸ ਪ੍ਰੋਜੈਕਟਾਂ ਦੇ ਕਈ ਤੋਹਫ਼ੇ

- ਰਾਜਸਥਾਨ ਦੇ ਅਜਮੇਰ ਵਿੱਚ 16,680 ਕਰੋੜ ਰੁਪਏ ਤੋਂ ਵੱਧ ਦੇ ਕਈ ਵਿਕਾਸ ਪ੍ਰੋਜੈਕਟਾਂ ਦੀ ਨੀਂਹ ਰੱਖੀ ਅਤੇ ਉਦਘਾਟਨ ਕੀਤਾ।
- ਇਨ੍ਹਾਂ ਪ੍ਰੋਜੈਕਟਾਂ ਵਿੱਚ ਸ਼ਹਿਰੀ ਵਿਕਾਸ, ਪੀਣ ਵਾਲੇ ਪਾਣੀ ਦੀ ਸਪਲਾਈ, ਸੜਕਾਂ, ਸਿੰਚਾਈ, ਊਰਜਾ ਅਤੇ ਉਦਯੋਗਿਕ ਇਨਫ੍ਰਾਸਟ੍ਰਕਚਰ ਸਮੇਤ ਪ੍ਰਮੁੱਖ ਖੇਤਰ ਸ਼ਾਮਲ।
- ਪੀਐੱਮ ਮੋਦੀ ਨੇ ਰਾਜਸਥਾਨ ਵਿੱਚ ਸਰਕਾਰੀ ਵਿਭਾਗਾਂ ਅਤੇ ਸੰਗਠਨਾਂ ਵਿੱਚ ਨਵੇਂ ਨਿਯੁਕਤ ਨੌਜਵਾਨਾਂ ਨੂੰ 21,800 ਤੋਂ ਵੱਧ ਨਿਯੁਕਤੀ ਪੱਤਰ ਪ੍ਰਦਾਨ ਕੀਤੇ।

> "ਜਿਵੇਂ-ਜਿਵੇਂ ਰਾਜਸਥਾਨ ਵਿੱਚ ਕਨੈਕਟੀਵਿਟੀ ਦਾ ਵਿਸਤਾਰ ਹੋ ਰਿਹਾ ਹੈ, ਓਵੇਂ-ਓਵੇਂ ਇੱਥੇ ਨਿਵੇਸ਼ ਦੇ ਲਈ ਵੀ ਮੌਕੇ ਲਗਾਤਾਰ ਵਧਦੇ ਜਾ ਰਹੇ ਹਨ। ਦਿੱਲੀ-ਮੁੰਬਈ ਇੰਡਸਟ੍ਰੀਅਲ ਕੌਰੀਡੋਰ ਦੇ ਆਲੇ-ਦੁਆਲੇ ਦੇ ਉਦਯੋਗਾਂ ਦੇ ਲਈ ਇੱਕ ਬਹੁਤ ਹੀ ਸ਼ਾਨਦਾਰ ਇਨਫ੍ਰਾਸਟ੍ਰਕਚਰ ਬਣਾਇਆ ਜਾ ਰਿਹਾ ਹੈ। - **ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

## ਭਾਰਤ-ਕੈਨੇਡਾ ਦੀ ਸਾਂਝੇਦਾਰੀ

# ਪੂੰਜੀ ਅਤੇ ਸਮਰੱਥਾ ਦੀ ਸੰਯੁਕਤ ਆਰਥਿਕ ਸ਼ਕਤੀ

ਭਾਰਤ ਅਤੇ ਕੈਨੇਡਾ ਜੀਵੰਤ ਲੋਕਤੰਤਰ ਹਨ, ਵਿਸ਼ਵ ਦੀਆਂ ਪ੍ਰਮੁੱਖ ਅਰਥਵਿਵਸਥਾਵਾਂ ਵਿੱਚ ਸ਼ਾਮਲ ਹਨ। ਭਾਰਤ ਅੱਜ ਵਿਸ਼ਵ ਵਿੱਚ ਸਭ ਤੋਂ ਤੇਜ਼ ਗਤੀ ਨਾਲ ਵਧਦੀ ਪ੍ਰਮੁੱਖ ਅਰਥਵਿਵਸਥਾ ਹੈ। ਇਹ ਪਰਿਵਰਤਨ ਮਜ਼ਬੂਤ ਘਰੇਲੂ ਮੰਗ, ਯੁਵਾ ਜਨਸੰਖਿਆ, ਵੱਡੇ ਪੈਮਾਨੇ 'ਤੇ ਨਿਵੇਸ਼, ਡਿਜੀਟਲ ਤਕਨਾਲੋਜੀ ਦੀ ਤਾਕਤ ਅਤੇ ਭਾਰਤ ਦੇ ਰਿਫੌਰਮ ਐਕਸਪ੍ਰੈੱਸ ਨਾਲ ਸੰਭਵ ਹੋਇਆ ਹੈ। ਪੂੰਜੀ ਅਤੇ ਸਮਰੱਥਾ ਦੀ ਸੰਯੁਕਤ ਸ਼ਕਤੀ ਨੂੰ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ 27 ਫਰਵਰੀ ਤੋਂ 2 ਮਾਰਚ ਤੱਕ ਦੀ ਭਾਰਤ ਦੀ ਅਧਿਕਾਰਤ ਯਾਤਰਾ ਵਿੱਚ ਦਿੱਤਾ ਹੋਰ ਵਿਸਤਾਰ...

ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਯਾਤਰਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਸੱਦੇ 'ਤੇ ਹੋਈ। ਪ੍ਰਧਾਨ ਮੰਤਰੀ ਬਣਨ ਤੋਂ ਬਾਅਦ, ਕਾਰਨੀ ਦੀ ਇਹ ਪਹਿਲੀ ਭਾਰਤ ਯਾਤਰਾ ਹੈ ਤਾਂ ਉੱਥੇ ਹੀ 2018 ਤੋਂ ਬਾਅਦ ਕੈਨੇਡਾ ਦੇ ਕਿਸੇ ਪ੍ਰਧਾਨ ਮੰਤਰੀ ਦੀ ਭਾਰਤ ਦੀ ਇਹ ਪਹਿਲੀ ਯਾਤਰਾ ਵੀ ਰਹੀ। ਇਸ ਦੌਰਾਨ ਦੋਵਾਂ ਦੇਸ਼ਾਂ ਦਰਮਿਆਨ ਕਈ ਮਹੱਤਵਪੂਰਨ ਸਮਝੌਤੇ ਹੋਏ ਅਤੇ ਕਈ ਐਲਾਨ ਵੀ ਕੀਤੇ ਗਏ। ਦੋਵਾਂ ਦੇਸ਼ਾਂ ਦੇ ਨੇਤਾਵਾਂ ਨੇ ਸੰਯੁਕਤ ਬਿਆਨ ਵਿੱਚ ਕੂਟਨੀਤਕ ਸਬੰਧਾਂ ਦੀ ਸਥਾਪਨਾ ਦੀ 79ਵੀਂ ਵਰ੍ਹੇਗੰਢ ਮਨਾਉਂਦੇ ਹੋਏ, ਕੈਨੇਡਾ-ਭਾਰਤ ਸਬੰਧਾਂ ਦੇ ਮਹੱਤਵ ਦੀ ਪੁਸ਼ਟੀ ਕੀਤੀ। ਦੋਵਾਂ ਨੇਤਾਵਾਂ ਨੇ ਉੱਚ-ਪੱਧਰੀ ਸੰਵਾਦ ਜਾਰੀ ਰੱਖਣ ਦਾ ਸੁਆਗਤ ਕੀਤਾ ਅਤੇ ਵਿਸ਼ਵਾਸ ਪ੍ਰਗਟ ਕੀਤਾ ਕਿ ਸੰਯੁਕਤ ਬਿਆਨ ਵਿੱਚ ਜਿਨ੍ਹਾਂ ਪਹਿਲਕਦਮੀਆਂ ਦਾ ਜ਼ਿਕਰ ਹੈ, ਉਹ ਭਾਰਤ-ਕੈਨੇਡਾ ਸਾਂਝੇਦਾਰੀ ਨੂੰ ਹੋਰ ਡੂੰਘਾ ਕਰਨਗੀਆਂ। ਆਪਸੀ ਵਿਸ਼ਵਾਸ ਨੂੰ ਮਜ਼ਬੂਤ ਕਰਨਗੀਆਂ। ਦੋਵਾਂ ਦੇਸ਼ਾਂ ਅਤੇ ਉਨ੍ਹਾਂ ਦੇ ਲੋਕਾਂ ਦੇ ਲਈ ਠੋਸ, ਦੀਰਘਕਾਲੀ ਲਾਭ ਪ੍ਰਦਾਨ ਕਰਨਗੀਆਂ। ਇਸ ਦੌਰਾਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਭਾਰਤ-ਕੈਨੇਡਾ ਸੀਈਓ ਫੋਰਮ ਨੂੰ ਵੀ ਸੰਬੋਧਨ ਕੀਤਾ, ਜਿੱਥੇ ਉਨ੍ਹਾਂ ਨੇ ਕਿਹਾ ਕਿ ਸਾਡੀ ਸਾਂਝੇਦਾਰੀ ਸਿਰਫ਼ ਨੈਸ਼ਨਲ ਕੈਪੀਟਲਸ ਤੱਕ ਸੀਮਿਤ ਨਹੀਂ ਰਹਿਣੀ ਚਾਹੀਦੀ, ਸਾਨੂੰ ਇਸ ਨੂੰ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਤੱਕ ਲੈ ਜਾਣਾ ਹੋਵੇਗਾ।

> "ਭਾਰਤ ਅਤੇ ਕੈਨੇਡਾ ਲੋਕਤੰਤਰੀ ਕਦਰਾਂ-ਕੀਮਤਾਂ ਵਿੱਚ ਅਟੁੱਟ ਵਿਸ਼ਵਾਸ ਰੱਖਦੇ ਹਨ। ਅਸੀਂ ਵਿਭਿੰਨਤਾ ਨੂੰ ਸੈਲੀਬ੍ਰੇਟ ਕਰਦੇ ਹਾਂ। ਮਨੁੱਖਤਾ ਦੀ ਭਲਾਈ ਸਾਡਾ ਸਾਂਝਾ ਵਿਜ਼ਨ ਹੈ। ਇਹੀ ਵਿਜ਼ਨ ਸਾਨੂੰ ਹਰ ਖੇਤਰ ਵਿੱਚ ਅੱਗੇ ਵਧਣ ਦੀ ਪ੍ਰੇਰਣਾ ਦਿੰਦਾ ਹੈ।
>
> **- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**



ਪ੍ਰਧਾਨ ਮੰਤਰੀ ਦਾ ਸੰਯੁਕਤ ਬਿਆਨ ਦੇਖਣ ਦੇ ਲਈ QR ਕੋਡ ਸਕੈਨ ਕਰੋ।

## ਸਮਝੌਤੇ

- ਭਾਰਤ-ਕੈਨੇਡਾ ਵਿਆਪਕ ਆਰਥਿਕ ਸਾਂਝੇਦਾਰੀ ਸਮਝੌਤੇ ਦੀਆਂ ਸੰਦਰਭ ਸ਼ਰਤਾਂ।
- ਤਕਨਾਲੋਜੀ ਅਤੇ ਨਵੀਨਤਾ ਵਿੱਚ ਸਹਿਯੋਗ 'ਤੇ ਭਾਰਤ-ਕੈਨੇਡਾ-ਆਸਟ੍ਰੇਲੀਆ ਤਿੰਨਪੱਖੀ ਸਮਝੌਤਾ।
- ਪਰਮਾਣੂ ਊਰਜਾ ਵਿਭਾਗ ਅਤੇ ਕੈਨੇਡੀਅਨ ਕੈਮੇਕੋ ਦਰਮਿਆਨ ਯੂਰੇਨੀਅਮ ਧਾਤ ਸੰਘਣੇਪਣ ਦੀ ਸਪਲਾਈ ਦੇ ਲਈ ਵਪਾਰਕ ਕੰਟ੍ਰੈਕਟ।
- ਗਲੋਬਲਿੰਕ ਰਿਸਰਚ ਇੰਟਰਨਸ਼ਿਪ ਦੇ ਲਈ ਏਆਈਸੀਟੀਈ ਅਤੇ ਕੈਨੇਡਾ ਦੀ ਮਿਟੈਕਸ ਦਰਮਿਆਨ ਸਮਝੌਤਾ।
- ਮਹੱਤਵਪੂਰਨ ਖਣਿਜਾਂ 'ਤੇ ਸਹਿਯੋਗ ਦੇ ਲਈ ਸਮਝੌਤਾ।
- ਨਵਿਆਉਣਯੋਗ ਊਰਜਾ ਦੇ ਉਪਯੋਗ ਨੂੰ ਹੁਲਾਰਾ ਦੇਣ 'ਤੇ ਸਮਝੌਤਾ।
- ਸੱਭਿਆਚਾਰਕ ਸਹਿਯੋਗ 'ਤੇ ਸਮਝੌਤਾ।

## ਐਲਾਨ

- ਆਰਟੀਫਿਸ਼ੀਅਲ ਇੰਟੈਲੀਜੈਂਸ, ਸਿਹਤ ਸੇਵਾ, ਖੇਤੀਬਾੜੀ ਅਤੇ ਨਵੀਨਤਾ ਜਿਹੇ ਖੇਤਰਾਂ ਵਿੱਚ ਯੂਨੀਵਰਸਿਟੀਆਂ/ਸੰਸਥਾਨਾਂ ਦਰਮਿਆਨ 24 ਸਮਝੌਤੇ।
- ਕੈਨੇਡਾ ਇੰਟਰਨੈਸ਼ਨਲ ਸੋਲਰ ਅਲਾਇੰਸ ਅਤੇ ਗਲੋਬਲ ਬਾਇਓਫਿਊਲਸ ਅਲਾਇੰਸ ਵਿੱਚ ਸ਼ਾਮਲ ਹੋਵੇਗਾ। ਭਾਰਤ-ਕੈਨੇਡਾ ਸੰਸਦੀ ਮੈਤ੍ਰੀ ਸਮੂਹ ਦੀ ਸਥਾਪਨਾ।
- ਭਾਰਤ-ਕੈਨੇਡਾ ਸੀਈਓ ਫੋਰਮ ਦਾ ਪੁਨਰਗਠਨ।
- ਭਾਰਤ-ਕੈਨੇਡਾ ਰੱਖਿਆ ਸੰਵਾਦ ਦੀ ਸਥਾਪਨਾ।
- ਯੂਨੀਵਰਸਿਟੀਜ਼ ਕੈਨੇਡਾ ਵੱਲੋਂ ਇੱਕ ਨਵੀਂ ਕੈਨੇਡਾ-ਭਾਰਤ ਸੰਯੁਕਤ ਪ੍ਰਤਿਭਾ ਅਤੇ ਨਵੀਨਤਾ ਰਣਨੀਤੀ ਦੀ ਸ਼ੁਰੂਆਤ।

**ਭਾਰਤ-ਫਰਾਂਸ ਸਹਿਯੋਗ ਦਾ ਨਵਾਂ ਅਧਿਆਏ**

# ਰਣਨੀਤਿਕ ਵਿਸ਼ਵਾਸ ਤੋਂ ਆਲਮੀ ਅਗਵਾਈ ਤੱਕ

ਭਾਰਤ ਅਤੇ ਫਰਾਂਸ ਦਰਮਿਆਨ ਦਹਾਕਿਆਂ ਪੁਰਾਣੀ ਰਣਨੀਤਿਕ ਸਾਂਝੇਦਾਰੀ ਨੇ ਹਾਲ ਦੇ ਵਰ੍ਹਿਆਂ ਵਿੱਚ ਨਵੀਂ ਉਚਾਈ ਹਾਸਲ ਕੀਤੀ ਹੈ। ਸਾਂਝੀਆਂ ਲੋਕਤੰਤਰੀ ਕਦਰਾਂ-ਕੀਮਤਾਂ, ਬਹੁ-ਧਰੁਵੀ ਵਿਸ਼ਵ ਵਿਵਸਥਾ ਦੇ ਸਮਰਥਨ ਅਤੇ ਆਲਮੀ ਸ਼ਾਂਤੀ ਦੇ ਪ੍ਰਤੀ ਵਚਨਬੱਧਤਾ ਨੇ ਦੋਵਾਂ ਦੇਸ਼ਾਂ ਨੂੰ ਸੁਭਾਵਿਕ ਸਾਂਝੇਦਾਰ ਬਣਾਇਆ ਹੈ। ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕ੍ਰੋਂ ਦੀ ਚੌਥੀ ਭਾਰਤ ਯਾਤਰਾ ਨੇ ਇਸ ਵਿਸ਼ਵਾਸ ਅਤੇ ਸਹਿਯੋਗ ਨੂੰ ਹੋਰ ਮਜ਼ਬੂਤ ਕੀਤਾ ਹੈ। ਇਸ ਦੌਰਾਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਮੌਜੂਦਗੀ ਵਿੱਚ ਰੱਖਿਆ, ਪੁਲਾੜ, ਸਮੁੰਦਰੀ ਸੁਰੱਖਿਆ, ਸਵੱਛ ਊਰਜਾ, ਤਕਨਾਲੋਜੀ ਅਤੇ ਸਿੱਖਿਆ ਜਿਹੇ ਮਹੱਤਵਪੂਰਨ ਖੇਤਰਾਂ ਵਿੱਚ ਕਈ ਅਹਿਮ ਸਮਝੌਤਿਆਂ 'ਤੇ ਹਸਤਾਖਰ ਹੋਏ, ਜਿਸ ਨਾਲ ਭਾਰਤ-ਫਰਾਂਸ ਸਬੰਧਾਂ ਨੂੰ ਮਿਲੇਗੀ ਨਵੀਂ ਦਿਸ਼ਾ ਅਤੇ ਗਤੀ...

ਭਾਰਤ ਅਤੇ ਫਰਾਂਸ ਦਰਮਿਆਨ ਵਰ੍ਹੇ 2047 ਵਿੱਚ ਕੂਟਨੀਤਕ ਸਬੰਧਾਂ ਦੇ 100 ਵਰ੍ਹੇ ਅਤੇ ਰਣਨੀਤਿਕ ਸਬੰਧਾਂ ਦੇ 50 ਵਰ੍ਹੇ ਪੂਰੇ ਹੋਣਗੇ। ਦੋਵਾਂ ਦੇਸ਼ਾਂ ਦਰਮਿਆਨ ਰੱਖਿਆ-ਸੁਰੱਖਿਆ ਸਹਿਯੋਗ ਦਾ ਲੰਬਾ ਅਤੇ ਮਜ਼ਬੂਤ ਇਤਿਹਾਸ ਰਿਹਾ ਹੈ। ਫਰਾਂਸ ਭਾਰਤ ਦੇ ਪ੍ਰਮੁੱਖ ਰੱਖਿਆ ਸਾਂਝੇਦਾਰਾਂ ਵਿੱਚ ਸ਼ਾਮਲ ਹੈ। ਸਿਵਿਲੀਅਨ ਪਰਮਾਣੂ ਊਰਜਾ ਦੇ ਖੇਤਰ ਵਿੱਚ ਵੀ ਸਹਿਯੋਗ ਲਗਾਤਾਰ ਮਜ਼ਬੂਤ ਹੋਇਆ ਹੈ। ਹਾਲ ਹੀ ਦੇ ਦੌਰੇ ਵਿੱਚ ਵੱਡੇ ਪਰਮਾਣੂ ਊਰਜਾ ਪਲਾਂਟਾਂ ਦੇ ਨਾਲ-ਨਾਲ ਛੋਟੇ ਮੌਡਿਊਲਰ ਰਿਐਕਟਰ ਅਤੇ ਐਡਵਾਂਸਡ ਮੌਡਿਊਲਰ ਰਿਐਕਟਰ ਜਿਹੇ ਨਵੇਂ ਅਤੇ ਉਭਰਦੇ ਖੇਤਰਾਂ ਵਿੱਚ ਸੰਭਾਵਿਤ ਸਹਿਯੋਗ 'ਤੇ ਵਿਸਤ੍ਰਿਤ ਚਰਚਾ ਹੋਈ। ਇਮੈਨੁਅਲ ਮੈਕ੍ਰੋਂ 17 ਤੋਂ 19 ਫਰਵਰੀ ਤੱਕ ਭਾਰਤ ਯਾਤਰਾ 'ਤੇ ਰਹੇ ਅਤੇ ਇਸ ਦੌਰਾਨ ਉਨ੍ਹਾਂ ਨੇ ਮੁੰਬਈ ਅਤੇ ਦਿੱਲੀ ਵਿੱਚ ਆਯੋਜਿਤ ਕਈ ਮਹੱਤਵਪੂਰਨ ਪ੍ਰੋਗਰਾਮਾਂ ਵਿੱਚ ਹਿੱਸਾ ਲਿਆ।

ਦੁਨੀਆ ਦੇ ਦੋ ਵੱਡੇ ਇਨੋਵੇਸ਼ਨ ਹੱਬਸ (ਭਾਰਤ ਅਤੇ ਫਰਾਂਸ) ਇੱਕ

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਲਈ QR ਕੋਡ ਸਕੈਨ ਕਰੋ।





# ਹੈਲੀਕੌਪਟਰ ਅਤੇ ਜੈੱਟ ਇੰਜਣ

## ਦੇ ਖੇਤਰ ਵਿੱਚ ਹੋਇਆ ਮਹੱਤਵਪੂਰਨ ਸਮਝੌਤਾ

ਭਾਰਤ ਅਤੇ ਫਰਾਂਸ ਨੇ ਰਾਫੇਲ-ਮਰੀਨ ਲੜਾਕੂ ਜੈੱਟ ਜਹਾਜ਼ਾਂ ਦੀ ਖਰੀਦ ਦੇ ਕੰਟ੍ਰੈਕਟ ਦੀ ਸ਼ਲਾਘਾ ਕੀਤੀ। ਰੱਖਿਆ ਹਵਾਬਾਜ਼ੀ, ਖਾਸ ਤੌਰ 'ਤੇ 'ਮੇਕ ਇਨ ਇੰਡੀਆ' ਪਹਿਲਕਦਮੀ ਦੇ ਤਹਿਤ ਲੜਾਕੂ ਜਹਾਜ਼ ਅਤੇ ਇਸ ਦੇ ਇੰਜਣਾਂ ਦੇ ਨਿਰਮਾਣ ਦੇ ਖੇਤਰ ਵਿੱਚ ਆਪਣੀ ਸਾਂਝੇਦਾਰੀ ਨੂੰ ਹੋਰ ਮਜ਼ਬੂਤ ਕਰਨ 'ਤੇ ਸਹਿਮਤੀ ਬਣੀ। ਭਾਰਤੀ ਬਹੁ-ਭੂਮਿਕਾ ਹੈਲੀਕੌਪਟਰ (ਆਈਐੱਮਆਰਐੱਚ) ਦੇ ਵਿਕਾਸ ਦੇ ਲਈ ਸੈਫਰਾਨ ਅਤੇ ਐੱਚਏਐੱਲ ਦਰਮਿਆਨ ਚਲ ਰਹੀ ਸਾਂਝੇਦਾਰੀ 'ਤੇ ਵੀ ਚਰਚਾ ਹੋਈ। ਭਾਰਤ-ਫਰਾਂਸ ਨੇ ਲੀਪ ਇੰਜਣ ਦੇ ਲਈ ਰੱਖ-ਰਖਾਅ, ਮੁਰੰਮਤ ਅਤੇ ਓਵਰਹਾਲ (ਐੱਮਆਰਓ) ਸੁਵਿਧਾ ਦੇ ਉਦਘਾਟਨ, ਰਾਫੇਲ ਜਹਾਜ਼ਾਂ 'ਤੇ ਲਗੇ ਐੱਮ-88 ਇੰਜਣਾਂ ਦੇ ਲਈ ਐੱਮਆਰਓ ਸੁਵਿਧਾ ਦੀ ਸਥਾਪਨਾ ਅਤੇ ਭਾਰਤ ਵਿੱਚ ਹੈਮਰ ਮਿਸਾਈਲਾਂ ਦੇ ਉਤਪਾਦਨ ਦੇ ਲਈ ਭਾਰਤ ਇਲੈਕਟ੍ਰੌਨਿਕਸ ਲਿਮਿਟੇਡ ਦੇ ਨਾਲ ਸੰਯੁਕਤ ਉੱਦਮ ਦਾ ਸੁਆਗਤ ਕੀਤਾ।

ਦੋਵੇਂ ਨੇਤਾਵਾਂ ਨੇ ਸੰਯੁਕਤ ਤੌਰ 'ਤੇ ਐੱਚ125 ਫਾਈਨਲ ਅਸੈਂਬਲੀ ਲਾਈਨ ਦਾ ਉਦਘਾਟਨ ਕੀਤਾ। ਇਹ ਭਾਰਤ ਵਿੱਚ ਆਪਣੀ ਤਰ੍ਹਾਂ ਦਾ ਪਹਿਲਾ ਨਿਜੀ ਖੇਤਰ ਹੈਲੀਕੌਪਟਰ ਨਿਰਮਾਣ ਪਲਾਂਟ ਹੈ। ਇਹ 'ਮੇਕ ਇਨ ਇੰਡੀਆ' ਦੇ ਖੇਤਰ ਵਿੱਚ ਇੱਕ ਇਤਿਹਾਸਿਕ ਉਪਲਬਧੀ ਹੈ ਜੋ ਟਾਟਾ ਐਡਵਾਂਸਡ ਸਿਸਟਮਸ ਅਤੇ ਏਅਰਬਸ ਦੀ ਤਾਕਤ ਨੂੰ ਮਿਲਾ ਕੇ ਭਾਰਤ ਦੇ ਵਧਦੇ ਬਜ਼ਾਰ ਦੀਆਂ ਜ਼ਰੂਰਤਾਂ ਨੂੰ ਪੂਰਾ ਕਰੇਗੀ ਅਤੇ ਤੀਸਰੇ ਦੇਸ਼ਾਂ ਨੂੰ ਨਿਰਯਾਤ ਕਰੇਗੀ। ਪ੍ਰਧਾਨ ਮੰਤਰੀ ਮੋਦੀ ਨੇ ਭਾਰਤ ਦੀ ਪਿਨਾਕਾ ਐੱਮਬੀਆਰਐੱਲ ਵਿੱਚ ਫਰਾਂਸ ਦੀ ਵਧਦੀ ਦਿਲਚਸਪੀ ਦੀ ਸ਼ਲਾਘਾ ਕੀਤੀ।

## ਪੀਐੱਮ ਮੋਦੀ ਨੂੰ ਦਿੱਤਾ ਸੱਦਾ

ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕ੍ਰੋਂ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਵਰ੍ਹੇ 2026 ਵਿੱਚ ਫਰਾਂਸ ਦੀ ਮੇਜ਼ਬਾਨੀ ਵਿੱਚ ਹੋਣ ਵਾਲੇ ਜੀ7 ਸਮਿਟ ਵਿੱਚ ਹਿੱਸਾ ਲੈਣ ਲਈ ਸੱਦਾ ਦਿੱਤਾ। ਭਾਰਤ ਨੂੰ ਸਮਿਟ ਤੋਂ ਪਹਿਲਾਂ ਦੀਆਂ ਚਰਚਾਵਾਂ ਅਤੇ ਤਿਆਰੀਆਂ ਵਿੱਚ ਸਰਗਰਮ ਤੌਰ 'ਤੇ ਹਿੱਸਾ ਲੈਣ ਦੇ ਲਈ ਵੀ ਸੱਦਾ ਦਿੱਤਾ। ਜਿੱਥੇ ਮੁੱਖ ਤੌਰ 'ਤੇ ਆਲਮੀ ਵਿਆਪਕ ਆਰਥਿਕ ਅਸੰਤੁਲਨ ਨਾਲ ਨਜਿੱਠਣ, ਅੰਤਰਰਾਸ਼ਟਰੀ ਸਾਂਝੇਦਾਰੀ ਅਤੇ ਇਕਜੁੱਟਤਾ ਦੇ ਲਈ ਇੱਕ ਨਵੇਂ ਪ੍ਰਤਿਮਾਨ ਪਰਿਭਾਸ਼ਿਤ ਕਰਨ ਜਿਹੇ ਪ੍ਰਮੁੱਖ ਮੁੱਦਿਆਂ 'ਤੇ ਚਰਚਾਵਾਂ ਹੋਣਗੀਆਂ।

"

ਫਰਾਂਸ ਭਾਰਤ ਦੇ ਸਭ ਤੋਂ ਪੁਰਾਣੇ ਸਟ੍ਰੈਟੇਜਿਕ ਪਾਰਟਨਰਸ ਵਿੱਚੋਂ ਇੱਕ ਹੈ ਅਤੇ ਪ੍ਰੈਜ਼ੀਡੈਂਟ ਮੈਕ੍ਰੋਂ ਦੇ ਨਾਲ ਮਿਲ ਕੇ ਅਸੀਂ ਇਸ ਰਣਨੀਤਿਕ ਸਾਂਝੇਦਾਰੀ ਨੂੰ ਬੇਮਿਸਾਲ ਡੂੰਘਾਈ ਅਤੇ ਊਰਜਾ ਦਿੱਤੀ ਹੈ। ਇਸੇ ਵਿਸ਼ਵਾਸ ਅਤੇ ਸਾਂਝੇ ਵਿਜ਼ਨ ਦੇ ਅਧਾਰ 'ਤੇ, ਅੱਜ ਅਸੀਂ ਆਪਣੇ ਸਬੰਧਾਂ ਨੂੰ ਖਾਸ ਵਿਸ਼ਵਵਿਆਪੀ ਰਣਨੀਤਿਕ ਸਾਂਝੇਦਾਰੀ ਦੇ ਰੂਪ ਵਿੱਚ ਸਥਾਪਿਤ ਕਰ ਰਹੇ ਹਾਂ। ਇਹ ਸਾਂਝੇਦਾਰੀ ਸਿਰਫ਼ ਰਣਨੀਤਿਕ ਨਹੀਂ ਹੈ। ਅੱਜ ਦੇ ਉਥਲ-ਪੁਥਲ ਨਾਲ ਭਰੇ ਯੁੱਗ ਵਿੱਚ ਇਹ ਆਲਮੀ ਸਥਿਰਤਾ ਅਤੇ ਆਲਮੀ ਪ੍ਰਗਤੀ ਦੀ ਸਾਂਝੇਦਾਰੀ ਹੈ।

**- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਨਾਲ ਆ ਰਹੇ ਹਨ। ਦੋਵਾਂ ਦੇਸ਼ਾਂ ਦਰਮਿਆਨ ਰਿਸ਼ਤੇ ਨਵੀਨਤਾ ਦੇ ਨਾਲ-ਨਾਲ ਟ੍ਰਸਟ ਦੀ ਸ਼ੇਅਰਡ ਵੈਲਿਊ ਦਾ ਹੈ। ਇਸੇ ਸੋਚ ਦੇ ਨਾਲ ਦੋਵਾਂ ਨੇ ਵਰ੍ਹੇ 2026 ਨੂੰ ਭਾਰਤ-ਫਰਾਂਸ ਈਅਰ ਆਫ ਇਨੋਵੇਸ਼ਨ ਦੇ ਰੂਪ ਵਿੱਚ ਸੈਲੀਬ੍ਰੇਟ ਕਰਨ ਦਾ ਫ਼ੈਸਲਾ ਲਿਆ ਹੈ। ਇਸ ਵਰ੍ਹੇ ਭਾਰਤ ਅਤੇ ਫਰਾਂਸ ਵਿੱਚ ਨਵੀਨਤਾ, ਵਿਗਿਆਨ ਅਤੇ ਤਕਨਾਲੋਜੀ, ਸਾਈਬਰ ਸਪੇਸ, ਆਰਟੀਫਿਸ਼ੀਅਲ ਇੰਟੈਲੀਜੈਂਸ, ਸਿਹਤ ਸੇਵਾ, ਟਿਕਾਊ ਵਿਕਾਸ, ਸੱਭਿਆਚਾਰਕ, ਰਚਨਾਤਮਕ ਅਰਥਵਿਵਸਥਾ ਅਤੇ ਖੋਜ ਅਤੇ ਸਿੱਖਿਆ ਜਿਹੇ ਵੱਖ-ਵੱਖ ਖੇਤਰਾਂ ਵਿੱਚ ਕਈ ਪ੍ਰਭਾਵਸ਼ਾਲੀ ਸਹਿਯੋਗ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇ। ਇਨ੍ਹਾਂ ਪ੍ਰੋਗਰਾਮਾਂ ਦਾ ਉਦੇਸ਼ ਸਟਾਰਟਅੱਪਸ, ਅਕਾਦਮਿਕ ਸੰਸਥਾਨਾਂ, ਖੋਜ ਸੰਸਥਾਵਾਂ ਅਤੇ ਉਦਯੋਗ ਦਰਮਿਆਨ ਮੌਜੂਦਾ ਸਹਿਯੋਗ ਨੂੰ ਖੁਸ਼ਹਾਲ ਕਰਨ ਦੇ ਨਾਲ ਹੀ ਨਵੇਂ ਮੌਕੇ ਪੈਦਾ ਕਰਨਾ ਹੈ।

ਪ੍ਰਧਾਨ ਮੰਤਰੀ ਮੋਦੀ ਨੇ ਸੰਯੁਕਤ ਬਿਆਨ ਵਿੱਚ ਕਿਹਾ ਕਿ ਸਟਾਰਟਅੱਪ ਇੰਡੀਆ ਪ੍ਰੋਗਰਾਮ ਨਾਲ ਇੱਕ ਦਹਾਕੇ ਵਿੱਚ ਹੀ ਭਾਰਤ ਦੁਨੀਆ ਦਾ ਤੀਸਰਾ ਸਭ ਤੋਂ ਵੱਡਾ ਸਟਾਰਟਅੱਪ ਈਕੋਸਿਸਟਮ ਬਣ ਚੁੱਕਿਆ ਹੈ। 2014 ਵਿੱਚ ਭਾਰਤ ਵਿੱਚ ਜਿੱਥੇ ਸਿਰਫ਼ ਚਾਰ ਯੂਨੀਕੌਰਨ ਸਨ, ਅੱਜ ਭਾਰਤ ਵਿੱਚ 120 ਤੋਂ ਵੱਧ ਯੂਨੀਕੌਰਨ ਹਨ। ਇਨ੍ਹਾਂ ਦੀ ਟੋਟਲ ਵੈਲਿਊ 350 ਅਰਬ ਡਾਲਰ ਤੋਂ ਵੱਧ ਹੈ। ਅੱਜ ਦੁਨੀਆ ਦੀ ਕਰੀਬ-ਕਰੀਬ ਹਰ ਵੱਡੀ ਤਕਨਾਲੋਜੀ ਕੰਪਨੀ ਭਾਰਤ ਦੇ ਸਟਾਰਟਅੱਪ, ਭਾਰਤ ਦੇ ਇਨੋਵੇਸ਼ਨ ਨਾਲ ਕਿਸੇ ਨਾ ਕਿਸੇ ਰੂਪ ਵਿੱਚ ਜੁੜੀ ਹੋਈ ਹੈ। ਪੀਐੱਮ ਮੋਦੀ ਨੇ ਕਿਹਾ ਕਿ ਭਾਰਤ ਦੀ ਇਸ ਸਪੀਡ ਅਤੇ ਸਕੇਲ ਨਾਲ ਜਦੋਂ ਫਰਾਂਸ ਦੀ ਤਾਕਤ ਜੁੜ ਜਾਂਦੀ ਹੈ ਤਾਂ ਦੁਨੀਆ ਦੇ ਲਈ ਨਵੇਂ ਰਸਤੇ ਬਣਦੇ ਹਨ। ਦੋਵਾਂ ਦੇਸ਼ਾਂ ਦੇ ਬੈਸਟ ਮਾਈਂਡ ਇਕੱਠੇ ਆਏ ਹਨ। ਦੋਵੇਂ ਦੇਸ਼ ਇੱਕ ਦੂਸਰੇ ਦੇ ਟੈਲੰਟ ਦਾ ਖੁੱਲ੍ਹੇ ਦਿਲ ਨਾਲ ਸੁਆਗਤ ਕਰ ਰਹੇ ਹਨ। ਫਰਾਂਸ ਨੇ 2030 ਤੱਕ 30 ਹਜ਼ਾਰ ਭਾਰਤੀ ਵਿਦਿਆਰਥੀਆਂ ਦਾ ਸੁਆਗਤ ਕਰਨ ਦਾ ਟੀਚਾ ਰੱਖਿਆ ਹੈ। ਇਹ ਯੰਗ ਐਨਰਜੀ ਅਤੇ ਯੰਗ ਮਾਈਂਡਸ ਦੇ ਤਾਲਮੇਲ ਦਾ ਇੱਕ ਬਿਹਤਰੀਨ ਯਤਨ ਹੈ। ■




# ਰਣਨੀਤੀ ਤੋਂ ਨਵੀਨਤਾ ਤੱਕ

## ਭਾਰਤ-ਇਜ਼ਰਾਇਲ ਸਬੰਧਾਂ ਦਾ ਵਿਸਤਾਰ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਇਜ਼ਰਾਇਲ ਯਾਤਰਾ ਭਾਰਤ ਦੀ ਵਿਦੇਸ਼ ਨੀਤੀ ਦੇ ਇਤਿਹਾਸ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਸਾਬਤ ਹੋਈ। ਇਸ ਯਾਤਰਾ ਨੇ ਸਪਸ਼ਟ ਕੀਤਾ ਕਿ ਭਾਰਤ ਆਪਣੀ ਸੁਤੰਤਰ ਅਤੇ ਸੰਤੁਲਿਤ ਕੂਟਨੀਤੀ ਦੇ ਤਹਿਤ ਰਾਸ਼ਟਰੀ ਹਿਤਾਂ ਨੂੰ ਸਭ ਤੋਂ ਉੱਪਰ ਰੱਖਦੇ ਹੋਏ ਆਲਮੀ ਸਾਂਝੇਦਾਰੀਆਂ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ। ਰੱਖਿਆ, ਖੇਤੀਬਾੜੀ, ਜਲ ਪ੍ਰਬੰਧਨ, ਨਵੀਨਤਾ ਅਤੇ ਤਕਨਾਲੋਜੀ ਜਿਹੇ ਖੇਤਰਾਂ ਵਿੱਚ ਸਹਿਯੋਗ ਨੂੰ ਨਵੀਂ ਗਤੀ ਮਿਲੀ ਅਤੇ ਭਾਰਤ-ਇਜ਼ਰਾਇਲ ਸਬੰਧ ਰਣਨੀਤਿਕ ਸਾਂਝੇਦਾਰੀ ਦੇ ਇੱਕ ਨਵੇਂ ਯੁੱਗ ਵਿੱਚ ਕੀਤਾ ਪ੍ਰਵੇਸ਼...

ਭਾਰਤ ਸਰਕਾਰ ਨੇ ਭਾਵੇਂ ਹੀ ਵਰ੍ਹੇ 1950 ਵਿੱਚ ਇਜ਼ਰਾਇਲ ਨੂੰ ਰਸਮੀ ਮਾਨਤਾ ਦਿੱਤੀ ਹੋਵੇ ਪਰ ਦੋਵਾਂ ਦੇ ਸਬੰਧ ਦੋ ਹਜ਼ਾਰ ਸਾਲ ਤੋਂ ਵੀ ਵੱਧ ਪੁਰਾਣੇ ਹਨ। ਬੁੱਕ ਆਫ ਐਸਟਰ ਵਿੱਚ ਭਾਰਤ ਦਾ ਜ਼ਿਕਰ 'ਹੋਦੂ' ਦੇ ਰੂਪ ਵਿੱਚ ਮਿਲਦਾ ਹੈ ਅਤੇ ਪ੍ਰਾਚੀਨ ਸਮੇਂ ਵਿੱਚ ਤਾਲਮੁਡ ਵਿੱਚ ਭਾਰਤ ਦੇ ਨਾਲ ਵਪਾਰ ਦਾ ਵੇਰਵਾ ਵੀ ਦਰਜ ਹੈ। ਹੁਣ ਭਾਰਤ-ਇਜ਼ਰਾਇਲ ਸਬੰਧਾਂ ਨੂੰ ਪਿਛਲੇ ਇੱਕ ਦਹਾਕੇ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਨਵੀਆਂ ਉਚਾਈਆਂ ਤੱਕ ਪਹੁੰਚਾਇਆ ਹੈ। ਗੁਜਰਾਤ ਦੇ ਮੁੱਖ ਮੰਤਰੀ ਦੇ ਤੌਰ 'ਤੇ ਵਰ੍ਹੇ 2006 ਵਿੱਚ, ਉੱਥੇ ਹੀ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਪਹਿਲੀ ਵਾਰ ਵਰ੍ਹੇ 2017 ਵਿੱਚ ਅਤੇ ਹੁਣ 25 ਅਤੇ 26 ਫਰਵਰੀ 2026 ਵਿੱਚ ਇੱਕ ਵਾਰ ਫਿਰ ਤੋਂ ਪ੍ਰਧਾਨ ਮੰਤਰੀ ਮੋਦੀ ਦੀ ਇਜ਼ਰਾਇਲ ਯਾਤਰਾ ਨੇ ਦੋਵਾਂ ਦੇਸ਼ਾਂ ਦੇ ਸਬੰਧਾਂ ਨੂੰ ਇੱਕ

"ਪੱਛਮ ਏਸ਼ੀਆ ਵਿੱਚ ਸ਼ਾਂਤੀ ਅਤੇ ਸਥਿਰਤਾ ਨਾਲ ਭਾਰਤ ਦੇ ਸਿੱਧੇ ਸੁਰੱਖਿਆ ਹਿਤ ਜੁੜੇ ਹਨ। ਇਸ ਲਈ ਅਸੀਂ ਸ਼ੁਰੂਆਤ ਤੋਂ ਹੀ ਸੰਵਾਦ ਅਤੇ ਸ਼ਾਂਤੀਪੂਰਨ ਹੱਲ ਦਾ ਸਮਰਥਨ ਕੀਤਾ ਹੈ। ਇਹੀ ਗਲੋਬਲ ਸਾਊਥ ਅਤੇ ਪੂਰੀ ਮਨੁੱਖਤਾ ਦੀ ਪੁਕਾਰ ਹੈ।

**- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

## ਦੋਵਾਂ ਦੇਸ਼ਾਂ ਦਰਮਿਆਨ ਮੁੱਖ ਐਲਾਨ

- ਸਬੰਧਾਂ ਨੂੰ ਨਵੇਂ ਰਣਨੀਤੀ ਸਾਂਝੇਦਾਰੀ ਦੇ ਪੱਧਰ 'ਤੇ ਲੈ ਜਾਣਾ।
- ਵਿਗਿਆਨ ਅਤੇ ਤਕਨਾਲੋਜੀ 'ਤੇ ਸੰਯੁਕਤ ਕਮੇਟੀ (ਜੇਸੀਐੱਮ) ਨੂੰ ਮੰਤਰੀ ਪੱਧਰ 'ਤੇ ਉੱਨਤ ਕਰਨਾ।
- ਰਾਸ਼ਟਰੀ ਸੁਰੱਖਿਆ ਸਲਾਹਕਾਰਾਂ ਦੀ ਅਗਵਾਈ ਵਿੱਚ ਮਹੱਤਵਪੂਰਨ ਅਤੇ ਉਭਰਦੀਆਂ ਤਕਨਾਲੋਜੀਆਂ ਵਿੱਚ ਸਹਿਯੋਗ ਦੀ ਪਹਿਲ।
- ਵਿੱਤੀ ਸੰਵਾਦ (ਫਾਇਨੈਂਸ਼ੀਅਲ ਡਾਇਲੌਗ)।
- ਟੈਕ-ਗੇਟਵੇ ਪਹਿਲ।
- ਖੇਤੀਬਾੜੀ ਖੋਜ ਵਿੱਚ 20 ਸੰਯੁਕਤ ਫੈਲੋਸ਼ਿਪ।
- ਸੰਯੁਕਤ ਖੋਜ ਦੇ ਲਈ ਦੋਵਾਂ ਧਿਰਾਂ ਦੇ ਯੋਗਦਾਨ ਵਿੱਚ ਵਾਧਾ।
- ਅਗਲੇ 5 ਵਰ੍ਹਿਆਂ ਵਿੱਚ 50,000 ਭਾਰਤੀ ਵਰਕਰਾਂ ਦਾ ਕੋਟਾ।
- ਭਾਰਤ-ਇਜ਼ਰਾਇਲ ਅਕਾਦਮਿਕ ਸਹਿਯੋਗ ਮੰਚ।
- ਭਾਰਤ-ਇਜ਼ਰਾਇਲ ਸੰਸਦੀ ਮੈਤ੍ਰੀ ਸਮੂਹ।



## ਸਹਿਮਤੀ ਅਤੇ ਸਮਝੌਤੇ

- ਭੂ-ਸਰਵੇਖਣ ਅਤੇ ਖੋਜ ਦੇ ਖੇਤਰ ਵਿੱਚ ਸਹਿਯੋਗ
- ਰਾਸ਼ਟਰੀ ਸਮੁੰਦਰੀ ਵਿਰਾਸਤ ਕੰਪਲੈਕਸ ਦੇ ਵਿਕਾਸ ਲਈ ਸਹਿਯੋਗ।
- ਵਰ੍ਹੇ 2026-2029 ਦੀ ਮਿਆਦ ਦੇ ਲਈ ਸੱਭਿਆਚਾਰਕ ਅਦਾਨ-ਪ੍ਰਦਾਨ ਪ੍ਰੋਗਰਾਮ।
- ਯੂਪੀਆਈ ਦੇ ਲਾਗੂਕਰਨ 'ਤੇ ਐੱਨਪੀਸੀਆਈ ਇੰਟਰਨੈਸ਼ਨਲ ਅਤੇ ਐੱਮਏਐੱਸਏਵੀ ਦਰਮਿਆਨ ਸਮਝੌਤਾ।
- ਖੇਤੀਬਾੜੀ ਦੇ ਲਈ ਭਾਰਤ-ਇਜ਼ਰਾਇਲ ਨਵੀਨਤਾ ਕੇਂਦਰ (ਆਈਆਈਐੱਨਸੀਏ) ਦੀ ਸਥਾਪਨਾ ਲਈ ਸਮਝੌਤਾ।
- ਹੋਰਾਇਜਨ ਸਕੈਨਿੰਗ ਦੇ ਖੇਤਰ ਵਿੱਚ ਸਹਿਯੋਗ।
- ਮੱਛੀ ਪਾਲਣ ਅਤੇ ਐਕੁਆਕਲਚਰ।
- ਇੰਟਰਨੈਸ਼ਨਲ ਫਾਇਨੈਂਸ਼ੀਅਲ ਸਰਵਿਸਿਜ਼ ਸੈਂਟਰ ਅਥਾਰਿਟੀ ਅਤੇ ਇਜ਼ਰਾਇਲ ਸਕਿਓਰਿਟੀ ਅਥਾਰਿਟੀ ਦਰਮਿਆਨ ਸਹਿਯੋਗ।
- ਵਣਜ ਅਤੇ ਸੇਵਾ ਖੇਤਰ ਵਿੱਚ ਲੇਬਰ ਮੋਬੀਲਿਟੀ ਦੇ ਲਾਗੂਕਰਨ 'ਤੇ ਪ੍ਰੋਟੋਕੋਲ।
- ਨਿਰਮਾਣ ਖੇਤਰ ਵਿੱਚ ਲੇਬਰ ਮੋਬੀਲਿਟੀ ਦੇ ਲਾਗੂਕਰਨ 'ਤੇ ਪ੍ਰੋਟੋਕੋਲ।
- ਰੇਸਤਰਾਂ ਖੇਤਰ ਵਿੱਚ ਲੇਬਰ ਮੋਬੀਲਿਟੀ ਦੇ ਲਾਗੂਕਰਨ 'ਤੇ ਪ੍ਰੋਟੋਕੋਲ।
- ਆਰਟੀਫਿਸ਼ੀਅਲ ਇੰਟੈਲੀਜੈਂਸ ਦੇ ਉਪਯੋਗ ਰਾਹੀਂ ਸਿੱਖਿਆ ਨੂੰ ਹੁਲਾਰਾ ਦੇਣ ਵਿੱਚ ਸਹਿਯੋਗ।
- ਇਜ਼ਰਾਇਲੀ ਇੰਸਟੀਟਿਊਟ ਆਫ ਕਮਰਸ਼ੀਅਲ, ਆਰਬੀਟ੍ਰੇਸ਼ਨ ਅਤੇ ਇੰਡੀਅਨ ਕੌਂਸਲ ਆਫ ਆਰਬੀਟ੍ਰੇਸ਼ਨ ਦਰਮਿਆਨ ਸਹਿਯੋਗ।
- ਚੌਥੇ ਭਾਰਤ-ਇਜ਼ਰਾਇਲ ਸੀਈਓ ਫੋਰਮ ਦੀ ਰਿਪੋਰਟ ਪੇਸ਼।
- ਨਾਲੰਦਾ ਯੂਨੀਵਰਸਿਟੀ ਅਤੇ ਯਰੂਸ਼ਲਮ ਦੇ ਹਿਬ੍ਰੂ ਯੂਨੀਵਰਸਿਟੀ (ਐੱਚਯੂਜੇਆਈ) ਦਰਮਿਆਨ ਸਮਝੌਤਾ।
- ਭਾਰਤ ਵਿੱਚ ਭਾਰਤ-ਇਜ਼ਰਾਇਲ ਸਾਈਬਰ ਸੈਂਟਰ ਆਫ ਐਕਸੀਲੈਂਸ ਦੀ ਸਥਾਪਨਾ।
- ਆਰਟੀਫਿਸ਼ੀਅਲ ਇੰਟੈਲੀਜੈਂਸ (ਏਆਈ) ਵਿੱਚ ਸਹਿਯੋਗ 'ਤੇ ਸਮਝੌਤਾ।

ਨਵੇਂ ਸਿਖਰ ਤੱਕ ਪਹੁੰਚਾਇਆ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੌ ਵਰ੍ਹੇ ਪਹਿਲਾਂ ਇਜ਼ਰਾਇਲ ਦੀ ਯਾਤਰਾ ਕਰਨ ਵਾਲੇ ਪਹਿਲੇ ਭਾਰਤੀ ਪ੍ਰਧਾਨ ਮੰਤਰੀ ਬਣੇ ਸਨ।

ਯਾਤਰਾ ਦੌਰਾਨ ਇਜ਼ਰਾਇਲ ਦੀ 'ਨੇਸੇਟ' ਨੂੰ ਸੰਬੋਧਨ ਕਰਨ ਵਾਲੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਭਾਰਤ ਦੇ ਪਹਿਲੇ ਪੀਐੱਮ ਵੀ ਬਣੇ। ਪ੍ਰਧਾਨ ਮੰਤਰੀ ਮੋਦੀ, ਭਾਰਤ ਦੇ ਸਨਮਾਨ ਵਿੱਚ ਨੇਸੇਟ ਨੂੰ ਭਾਰਤੀ ਰੰਗਾਂ ਨਾਲ ਅਲੌਕਿਕ ਕੀਤਾ ਗਿਆ ਸੀ। ਪੀਐੱਮ ਮੋਦੀ ਦੀ ਇੱਕ ਗੱਲ ਨੇ ਨੇਸੇਟ ਵਿੱਚ ਉਨ੍ਹਾਂ ਦੇ ਸੰਬੋਧਨ ਨੂੰ ਖਾਸ ਬਣਾ ਦਿੱਤਾ, ਜਦੋਂ ਉਨ੍ਹਾਂ ਨੇ ਕਿਹਾ ਕਿ ਮੇਰਾ ਜਨਮ ਉਸੇ ਦਿਨ ਭਾਵ 17 ਸਤੰਬਰ, 1950 ਨੂੰ ਹੋਇਆ ਸੀ, ਜਿਸ ਦਿਨ ਭਾਰਤ ਨੇ ਇਜ਼ਰਾਇਲ ਨੂੰ ਰਸਮੀ ਮਾਨਤਾ ਦਿੱਤੀ ਸੀ। ਪ੍ਰਧਾਨ ਮੰਤਰੀ ਮੋਦੀ ਨੇ ਅੱਤਵਾਦੀ ਹਮਲੇ ਵਿੱਚ ਜਾਨ ਗੁਆਉਣ ਵਾਲੇ ਲੋਕਾਂ ਪ੍ਰਤੀ ਡੂੰਘੀਆਂ ਸੰਵੇਦਨਾਵਾਂ ਪ੍ਰਗਟ ਕੀਤੀਆਂ ਅਤੇ ਕਿਹਾ ਕਿ ਭਾਰਤ ਤੁਹਾਡੇ ਦਰਦ ਨੂੰ ਮਹਿਸੂਸ ਕਰਦਾ ਹੈ, ਇਸ ਲਈ ਤੁਹਾਡੇ ਦੁਖ ਵਿੱਚ ਸ਼ਾਮਲ ਹੈ। ਭਾਰਤ ਇਸ ਸਮੇਂ ਹੋਰ ਅੱਗੇ ਵੀ ਇਜ਼ਰਾਇਲ ਦੇ ਨਾਲ ਦ੍ਰਿੜ੍ਹਤਾ ਦੇ ਨਾਲ ਖੜ੍ਹਾ ਹੈ।

ਕੋਈ ਵੀ ਉਦੇਸ਼ ਨਿਰਦੋਸ਼ ਨਾਗਰਿਕਾਂ ਦੀ ਹੱਤਿਆ ਨੂੰ ਉਚਿਤ ਨਹੀਂ ਠਹਿਰਾ ਸਕਦਾ। ਅੱਤਵਾਦ ਨੂੰ ਕਿਸੇ ਵੀ ਸਥਿਤੀ ਵਿੱਚ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਭਾਰਤ ਨੇ ਵੀ ਲੰਬੇ ਸਮੇਂ ਤੱਕ ਅੱਤਵਾਦ ਦੇ ਦਰਦ ਨੂੰ ਝੇਲਿਆ ਹੈ। 26/11 ਦੇ ਮੁੰਬਈ ਹਮਲੇ ਵੀ ਯਾਦ ਹਨ, ਜਿਨ੍ਹਾਂ ਵਿੱਚ ਮਾਸੂਮ ਲੋਕਾਂ ਨੂੰ ਆਪਣੀ ਜਾਨ ਗੁਆਉਣੀ ਪਈ। ਇਨ੍ਹਾਂ ਹਮਲਿਆਂ ਵਿੱਚ ਮਾਰੇ ਗਏ ਲੋਕਾਂ ਵਿੱਚ ਇਜ਼ਰਾਇਲੀ ਨਾਗਰਿਕ ਵੀ ਸ਼ਾਮਲ ਸਨ। ਇਜ਼ਰਾਇਲ ਦੀ ਤਰ੍ਹਾਂ

## ਤਕਨੀਕੀ ਪ੍ਰਦਰਸ਼ਨੀ ਦਾ ਦੌਰਾ

**ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵੱਖ-ਵੱਖ ਖੇਤਰਾਂ ਵਿੱਚ ਇਜ਼ਰਾਇਲ ਦੀ ਨਵੀਨਤਾ ਨੂੰ ਪ੍ਰਦਰਸ਼ਿਤ ਕਰਨ ਵਾਲੀ ਇੱਕ ਪ੍ਰਦਰਸ਼ਨੀ ਦਾ ਦੌਰਾ ਕੀਤਾ। ਪ੍ਰਦਰਸ਼ਨੀ ਵਿੱਚ ਖੇਤੀਬਾੜੀ-ਤਕਨੀਕ, ਜਲ-ਤਕਨੀਕ, ਜਲਵਾਯੂ-ਤਕਨੀਕ, ਸਿਹਤ-ਜੈਵ-ਤਕਨੀਕ, ਸਮਾਰਟ ਮੋਬੀਲਿਟੀ, ਆਰਟੀਫਿਸ਼ੀਅਲ ਇੰਟੈਲੀਜੈਂਸ, ਸਾਈਬਰ ਸੁਰੱਖਿਆ ਅਤੇ ਕੁਆਂਟਮ ਤਕਨਾਲੋਜੀਆਂ ਵਿੱਚ ਮੁਹਾਰਤ ਰੱਖਣ ਵਾਲੀਆਂ ਮੋਹਰੀ ਕੰਪਨੀਆਂ ਅਤੇ ਖੋਜ ਸੰਸਥਾਵਾਂ ਨੂੰ ਸ਼ਾਮਲ ਕੀਤਾ ਗਿਆ ਸੀ।**





## "ਸਪੀਕਰ ਆਫ ਦ ਨੇਸੇਟ ਮੈਡਲ" ਨਾਲ ਸਨਮਾਨਿਤ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ 'ਸਪੀਕਰ ਆਫ ਦ ਨੇਸੇਟ' ਨਾਲ ਸਨਮਾਨਿਤ ਕੀਤਾ ਗਿਆ। ਇਜ਼ਰਾਇਲ ਦੀ ਸੰਸਦ ਵਿੱਚ ਨੇਸੇਟ ਨੇ ਭਾਰਤ-ਇਜ਼ਰਾਇਲ ਰਣਨੀਤਿਕ ਸਬੰਧਾਂ ਨੂੰ ਮਜ਼ਬੂਤ ਕਰਨ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਯੋਗਦਾਨ ਨੂੰ ਦੇਖਦੇ ਹੋਏ ਇਹ ਸਨਮਾਨ ਦਿੱਤਾ। ਪੀਐੱਮ ਮੋਦੀ ਇਹ ਸਨਮਾਨ ਪਾਉਣ ਵਾਲੇ ਪਹਿਲੇ ਭਾਰਤੀ ਪ੍ਰਧਾਨ ਮੰਤਰੀ ਬਣੇ। ਇਹ ਨੇਸੇਟ ਦਾ ਸਰਵਉੱਚ ਸਨਮਾਨ ਮੰਨਿਆ ਜਾਂਦਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਇਸ ਸਨਮਾਨ ਨੂੰ 140 ਕਰੋੜ ਭਾਰਤੀਆਂ ਅਤੇ ਭਾਰਤ-ਇਜ਼ਰਾਇਲ ਦੀ ਦੋਸਤੀ ਨੂੰ ਸਮਰਪਿਤ ਕੀਤਾ।

**ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਲਈ QR ਕੋਡ ਸਕੈਨ ਕਰੋ।**

## ਦੋਵਾਂ ਦੇਸ਼ਾਂ ਦੇ ਸੰਯੁਕਤ ਬਿਆਨ ਵਿੱਚ ਇਨ੍ਹਾਂ ਵਿਸ਼ਿਆਂ 'ਤੇ ਰਿਹਾ ਫੋਕਸ

**ਪ੍ਰਧਾਨ ਮੰਤਰੀ ਦੀ ਇਜ਼ਰਾਇਲ ਯਾਤਰਾ ਦੌਰਾਨ ਦੋਵਾਂ ਦੇਸ਼ਾਂ ਦਰਮਿਆਨ ਮੀਟਿੰਗ ਤੋਂ ਬਾਅਦ ਜਦੋਂ ਸੰਯੁਕਤ ਬਿਆਨ ਜਾਰੀ ਕੀਤਾ ਗਿਆ ਤਦ ਸਾਂਝੀ ਗੱਲਬਾਤ ਦੇ ਜਿਨ੍ਹਾਂ ਵਿਸ਼ਿਆਂ 'ਤੇ ਫੋਕਸ ਰਿਹਾ ਉਨ੍ਹਾਂ ਵਿੱਚ ਪ੍ਰਮੁੱਖ ਹਨ ਸ਼ਾਂਤੀ, ਨਵੀਨਤਾ ਅਤੇ ਖੁਸ਼ਹਾਲੀ ਦੇ ਲਈ ਵਿਸ਼ੇਸ਼ ਰਣਨੀਤਿਕ ਸਾਂਝੇਦਾਰੀ, ਭਵਿੱਖ ਵਿੱਚ ਸਾਥ, ਰੱਖਿਆ ਅਤੇ ਸੁਰੱਖਿਆ, ਤਕਨਾਲੋਜੀ ਅਤੇ ਨਵੀਨਤਾ, ਸਾਈਬਰ ਸੁਰੱਖਿਆ, ਵਪਾਰ, ਨਿਵੇਸ਼ ਅਤੇ ਕਨੈਕਟੀਵਿਟੀ, ਖੇਤੀ, ਪਾਣੀ ਅਤੇ ਵਾਤਾਵਰਣ ਦੀ ਸੁਰੱਖਿਆ, ਅੱਤਵਾਦ ਦਾ ਮੁਕਾਬਲਾ, ਸ਼ਾਂਤੀ ਨੂੰ ਹੁਲਾਰਾ ਦੇਣਾ, ਸੰਸਦੀ ਸਹਿਯੋਗ, ਲੋਕਾਂ ਦਰਮਿਆਨ ਸਹਿਯੋਗ, ਸਿਹਤ ਅਤੇ ਸਿੱਖਿਆ-ਭਵਿੱਖ ਨੂੰ ਸੁਰੱਖਿਅਤ ਕਰਨਾ।**

ਹੀ, ਅੱਤਵਾਦ ਦੇ ਪ੍ਰਤੀ ਭਾਰਤ ਦੀ ਨੀਤੀ ਵੀ ਬਿਨਾ ਕਿਸੇ ਦੋਹਰੇ ਮਾਪਦੰਡ ਦੇ, ਲਗਾਤਾਰ ਅਤੇ ਅੱਤਵਾਦ ਨੂੰ ਬਿਲਕੁਲ ਵੀ ਨਾ ਬਰਦਾਸ਼ਤ ਕਰਨ ਦੀ ਰਹੀ ਹੈ। ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਵੱਲੋਂ ਮਨਜ਼ੂਰ ਗਾਜ਼ਾ ਸ਼ਾਂਤੀ ਪਹਿਲਕਦਮੀ, ਇੱਕ ਰਸਤਾ ਦਿਖਾਉਂਦੀ ਹੈ। ਇਸ ਪਹਿਲਕਦਮੀ ਦੇ ਪ੍ਰਤੀ ਭਾਰਤ ਨੇ ਦ੍ਰਿੜ੍ਹ ਸਮਰਥਨ ਪ੍ਰਗਟ ਕੀਤਾ ਹੈ। ਵਿਸ਼ਵਾਸ ਹੈ ਕਿ ਇਹ ਪਹਿਲ ਫਿਲਿਸਤੀਨ ਮੁੱਦੇ ਦੇ ਸਮਾਧਾਨ ਸਮੇਤ ਖੇਤਰ ਦੇ ਸਾਰੇ ਲੋਕਾਂ ਲਈ ਨਿਆਂਪੂਰਨ ਅਤੇ ਸਥਾਈ ਸ਼ਾਂਤੀ ਦਾ ਭਰੋਸਾ ਦਿੰਦੀ ਹੈ।

### ਦੁਵੱਲੇ ਵਪਾਰ ਵਿੱਚ ਕਈ ਗੁਣਾ ਦਾ ਵਾਧਾ

ਹਾਲ ਦੇ ਵਰ੍ਹਿਆਂ ਵਿੱਚ ਭਾਰਤ-ਇਜ਼ਰਾਇਲ ਦਰਮਿਆਨ ਦੁਵੱਲੇ ਵਸਤੂ ਵਪਾਰ ਵਿੱਚ ਕਈ ਗੁਣਾ ਵਾਧਾ ਹੋਇਆ ਹੈ। ਇਹੀ ਕਾਰਨ ਹੈ ਕਿ ਦੋਵਾਂ ਦੇਸ਼ਾਂ ਦੀ ਟੀਮ ਇੱਕ ਮਹੱਤਵਕਾਂਖੀ ਮੁਕਤ ਵਪਾਰ ਸਮਝੌਤੇ ਦੀ ਦਿਸ਼ਾ ਵਿੱਚ ਸਖਤ ਮਿਹਨਤ ਕਰ ਰਹੀ ਹੈ। ਭਾਰਤ-ਪੱਛਮ ਏਸ਼ੀਆ-ਯੂਰੋਪ ਆਰਥਿਕ ਗਲਿਆਰਾ ਅਤੇ ਭਾਰਤ, ਇਜ਼ਰਾਇਲ, ਯੂਏਈ ਅਤੇ ਅਮਰੀਕਾ ਦਰਮਿਆਨ I2U2 ਫ੍ਰੇਮਵਰਕ ਸਮੇਤ ਵੱਖ-ਵੱਖ ਢਾਂਚਿਆਂ ਵਿੱਚ ਨੇੜਤਾ ਨਾਲ ਕੰਮ ਕਰੇਗਾ। ਸਟੀਕ ਸਿੰਚਾਈ ਅਤੇ ਜਲ ਪ੍ਰਬੰਧਨ ਵਿੱਚ ਇਜ਼ਰਾਇਲ ਦੀ ਮੁਹਾਰਤ ਨੇ ਭਾਰਤ ਦੀਆਂ ਖੇਤੀਬਾੜੀ ਪ੍ਰਥਾਵਾਂ ਨੂੰ ਬਦਲ ਦਿੱਤਾ ਹੈ। ਭਾਰਤ ਵਿੱਚ 43 ਉੱਤਮਤਾ ਕੇਂਦਰ ਸਥਾਪਿਤ ਕੀਤੇ ਗਏ ਹਨ, ਜਿਸ ਨਾਲ 5 ਲੱਖ ਤੋਂ ਵੱਧ ਕਿਸਾਨਾਂ ਨੂੰ ਟ੍ਰੇਨਿੰਗ ਦਿੱਤੀ ਹੈ। ਹੁਣ ਇਨ੍ਹਾਂ ਕੇਂਦਰਾਂ ਦੀ ਸੰਖਿਆ 100 ਤੱਕ ਵਧਾਉਣ ਦਾ ਟੀਚਾ ਹੈ ਤਾਂ ਜੋ ਲੱਖਾਂ ਕਿਸਾਨਾਂ ਅਤੇ ਮਛੇਰਿਆਂ ਨੂੰ ਲਾਭ ਮਿਲ ਸਕੇ।

ਸ਼ਹੀਦ ਦਿਵਸ : 23 ਮਾਰਚ




ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਸ਼ੁਕਰਗੁਜ਼ਾਰ ਰਾਸ਼ਟਰ ਦਾ ਨਮਨ

# ‘ਰਾਸ਼ਟਰ ਹਿਤ ਸਭ ਤੋਂ ਉੱਪਰ’ ਦੇ ਪ੍ਰੇਰਣਾ ਸਰੋਤ

ਮਾਂ ਭਾਰਤੀ ਲਈ ਆਪਣਾ ਸਰਵਉੱਚ ਬਲੀਦਾਨ ਦੇਣ ਵਾਲੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੇ ਆਪਣੇ ਜੀਵਨ ਨਾਲ ਇਹ ਸਾਬਤ ਕਰ ਦਿੱਤਾ ਕਿ ਰਾਸ਼ਟਰ ਪ੍ਰੇਮ ਤੋਂ ਵੱਡਾ ਕੋਈ ਫਰਜ਼ ਨਹੀਂ ਹੁੰਦਾ। 23 ਮਾਰਚ 1931 ਨੂੰ ਅੰਗ੍ਰੇਜ਼ਾਂ ਨੇ ਇਨ੍ਹਾਂ ਤਿੰਨ ਬਹਾਦਰ ਸੁਤੰਤਰਤਾ ਸੈਨਾਨੀਆਂ ਨੂੰ ਫਾਂਸੀ ਦੇ ਦਿੱਤੀ ਸੀ। ਇਨ੍ਹਾਂ ਵੀਰਾਂ ਨੂੰ ਨਮਨ ਕਰਨ ਲਈ ਹਰ ਸਾਲ 23 ਮਾਰਚ ਨੂੰ ਸ਼ਹੀਦ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਆਪਣੇ ਬਹਾਦਰੀ ਅਤੇ ਸ਼ਕਤੀਸ਼ਾਲੀ ਵਿਚਾਰਾਂ ਨਾਲ ਨੌਜਵਾਨਾਂ ਵਿੱਚ ਦੇਸ਼ ਭਗਤੀ ਦਾ ਸੰਚਾਰ ਕਰਕੇ, ਰਾਸ਼ਟਰਵਿਆਪੀ ਸੁਤੰਤਰਤਾ ਅੰਦੋਲਨ ਦੀ ਅਲਖ ਜਗਾਉਣ ਵਾਲੇ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਦਾ ਬਲੀਦਾਨ ਯੁੱਗਾਂ-ਯੁੱਗਾਂ ਤੱਕ ਦੇਸ਼ਵਾਸੀਆਂ ਨੂੰ ‘ਰਾਸ਼ਟਰ ਹਿੱਤ ਸਭ ਤੋਂ ਉੱਪਰ’ ਦੀ ਦਿੰਦਾ ਰਹੇਗਾ ਪ੍ਰੇਰਣਾ...

“ਦੇਸ਼ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸਰਵਉੱਚ ਬਲੀਦਾਨ ‘ਤੇ ਉਨ੍ਹਾਂ ਨੂੰ ਨਮਨ ਕਰ ਰਿਹਾ ਹੈ। ਸੁਤੰਤਰਤਾ ਅਤੇ ਨਿਆਂ ਦੇ ਲਈ ਉਨ੍ਹਾਂ ਦਾ ਨਿਡਰ ਯਤਨ ਸਾਨੂੰ ਸਭ ਨੂੰ ਪ੍ਰੇਰਿਤ ਕਰਦਾ ਹੈ।– **ਨਰੇਂਦਰ ਮੋਦੀ, ਪ੍ਰਧਾਨ ਮੰਤਰੀ**




ਨਿਊ ਇੰਡੀਆ **ਸਮਾਚਾਰ** ਪਖਵਾੜਾ

**RNI Registered No. DELPUN/2020/78808, 16-31 March, 2026**

RNI Registered No DELPUN/2020/78808, Delhi Postal License No DL(S)-1/3550/2023-25, WPP NO U(S)-98/2023-25,posting at BPC, Market Road, New Delhi-110001 on 26-30 advance Fortnightly (Publishing Date: 6 March, 2026, Total Pages-52)

**Editor in Chief**
**Dhirendra Ojha**
**Principal Director General,**
**Press Information Bureau, New Delhi**

**Published & Printed by:**
**Smt. Kanchan Prasad, Director General, on behalf of Central Bureau of Communication**

**Published from:**
**Room No–278, Central Bureau of Communication, 2nd Floor, Soochna Bhawan, New Delhi -110003**

**Printed at Chandu Press, 469, Patparganj, Industrial Estate, Delhi-110092**